Estd. 1970

# ਸੰਤ ਬਾਬਾ ਅਤਰ ਸਿੰਘ ਖ਼ਾਲਸਾ ਕਾਲਜ

(Affiliated to Punjabi University, Patiala) [Govt. Aided College] {U.G.C. 2(F) 12B}








## PROSPECTUS (2024-25)








**SANT BABA ATTAR SINGH**
**KHALSA COLLEGE, SANDAUR**
Raikot-Malerkotla Road, Sandaur, Distt. Malerkotla
Mob.: 78149-51776 E-Mail: sbas_sandaur@yahoo.com
Website : https://sbassandaur.com/

SCAN ME

## ਸੰਤ ਬਾਬਾ ਅਤਰ ਸਿੰਘ ਜੀ (ਮਾਰਚ 1866 ਈ: - ਜਨਵਰੀ 1927 ਈ:)



ਸੰਤ ਬਾਬਾ ਅਤਰ ਸਿੰਘ ਜੀ ਦਾ ਜਨਮ ਮਾਰਚ 1866 ਨੂੰ ਮੌਜੂਦਾ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਚੀਮਾ ਵਿਖੇ ਹੋਇਆ। ਸਿੱਖਿਆ ਦੇ ਪ੍ਰਤੀ ਉਹਨਾਂ ਦੀ ਵਕਾਲਤ ਅਤੇ ਅਧਿਆਤਮਿਕਤਾ ਤੋਂ ਸਿੱਖਿਆ ਦੇ ਬਹੁ ਗਿਣਤੀ ਅਦਾਰੇ ਸ਼ੁਰੂ ਹੋਏ। ਉਹ ਜਾਣਦੇ ਸਨ ਕਿ ਲੜਕੀਆਂ ਦੀ ਸਿੱਖਿਆ ਦੇ ਨਤੀਜੇ ਵਜੋਂ ਪੂਰਾ ਪਰਿਵਾਰ ਸਿੱਖਿਅਤ ਹੋਵੇਗਾ ਤੇ ਸਮਾਜ ਅੱਗੇ ਵਧੇਗਾ। ਇਸ ਮੰਤਵ ਲਈ, ਉਹਨਾਂ ਪਹਿਲੀ ਵਾਰ 1906 ਈਸਵੀ ਵਿੱਚ ਲੜਕੀਆਂ ਲਈ ਇੱਕ ਸਕੂਲ ਦੀ ਸਥਾਪਨਾ ਕੀਤੀ। ਉਹਨਾਂ ਦੀ ਸਦਭਾਵਨਾ ਅਤੇ ਪ੍ਰਸਿੱਧੀ ਇੰਨੀ ਸੀ ਕਿ ਉਹਨਾਂ ਨੂੰ ਪੰਡਿਤ ਮਦਨ ਮੋਹਨ ਮਾਲਵੀਆ ਵੱਲੋਂ 24 ਦਸੰਬਰ 1914 ਨੂੰ ਬਨਾਰਸ ਹਿੰਦੂ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਣ ਲਈ ਨਿੱਜੀ ਤੌਰ ਤੇ ਸੱਦਾ ਦਿੱਤਾ ਗਿਆ ਸੀ। ਸੰਤ ਬਾਬਾ ਅਤਰ ਸਿੰਘ ਖ਼ਾਲਸਾ ਕਾਲਜ ਵੀ ਉਹਨਾਂ ਦੀ ਨਿੱਘੀ ਯਾਦ ਵਿੱਚ ਸਿੱਖਿਆ ਪਸਾਰੇ ਨੂੰ ਸਮਰਪਿਤ ਭਾਵਨਾ ਦੀ ਪੂਰਤੀ ਲਈ ਸ਼ੁਰੂ ਕੀਤਾ ਗਿਆ ਅਤੇ ਲਗਾਤਾਰ ਸੰਤ ਬਾਬਾ ਅਤਰ ਸਿੰਘ ਜੀ ਦੇ ਸਿੱਖਿਆ ਵਾਲੇ ਮਾਰਗ ਤੇ ਚੱਲਦੀ ਇਹ ਸੰਸਥਾ ਇਲਾਕੇ ਦੇ ਨੌਜਵਾਨਾਂ ਨੂੰ ਹਰ ਪੱਖ ਤੋਂ ਨਿਪੁੰਨ ਬਣਾਉਣ ਲਈ ਆਪਣਾ ਪੂਰਾ ਯੋਗਦਾਨ ਨਿਭਾ ਰਹੀ ਹੈ ।

## ਸੰਤ ਬਾਬਾ ਬਲਵੰਤ ਸਿੰਘ ਜੀ ਸਿੱਧਸਰ ਸਿਹੌੜਾ ਵਾਲੇ (13 ਅਪ੍ਰੈਲ 1938 ਈ: – 24 ਜੂਨ 2014 ਈ:)



ਸੰਤ ਬਾਬਾ ਬਲਵੰਤ ਸਿੰਘ ਜੀ ਦਾ ਜਨਮ ਮਾਤਾ ਹਰਨਾਮ ਕੌਰ ਦੀ ਕੁੱਖੋਂ ਅਤੇ ਪਿਤਾ ਸ. ਸਾਧੂ ਸਿੰਘ ਜੀ ਦੇ ਗ੍ਰਹਿ ਸਿਹੌੜਾ ਨਗਰ ਵਿਖੇ 13 ਅਪ੍ਰੈਲ 1938 ਨੂੰ ਹੋਇਆ। ਸੰਤ ਬਾਬਾ ਬਲਵੰਤ ਸਿੰਘ ਵੱਲੋਂ ਵਿੱਦਿਆ ਦੇ ਪਸਾਰੇ ਲਈ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਸਿੱਖਿਆ ਦੇ ਖੇਤਰ ਵਿੱਚ ਕੀਤੀਆਂ ਪਹਿਲ ਕਦਮੀਆਂ ਵਿੱਚ ਯੋਗਦਾਨ ਪਾਉਂਦਿਆਂ ਲੋਕਾਂ ਦੇ ਸਹਿਯੋਗ ਨਾਲ ਦੋ ਵਿਦਿਅਕ ਸੰਸਥਾਵਾਂ ਬਣਾਈਆਂ ਗਈਆਂ, ਜਿਨ੍ਹਾਂ ਵਿੱਚੋਂ ਬਾਬਾ ਸ਼ੀਹਾਂ ਸਿੰਘ ਗਿੱਲ ਕਾਲਜ, ਸਿੱਧਸਰ ਲੁਧਿਆਣਾ ਜੋ ਅੱਜਕਲ ਸਰਕਾਰ ਦੁਆਰਾ ਚਲਾਇਆ ਜਾ ਰਿਹਾ ਹੈ ਅਤੇ ਦੂਜਾ ਕਾਲਜ ਸੰਤ ਬਾਬਾ ਅਤਰ ਸਿੰਘ ਜੀ ਦੇ ਨਾਮ ਨੂੰ ਸਮਰਪਿਤ ਸੰਦੌੜ ਵਿਖੇ ਬਣਾਇਆ ਗਿਆ ਹੈ। ਇਹ ਦੋਵੇਂ ਸੰਸਥਾਵਾਂ ਬਾਬਾ ਅਤਰ ਸਿੰਘ ਜੀ ਅਤੇ ਸੰਤ ਬਲਵੰਤ ਸਿੰਘ ਜੀ ਦੇ ਮੰਤਵਾਂ ਦੀ ਪੂਰਤੀ ਲਈ ਲਗਾਤਾਰ ਆਪਣਾ ਯੋਗਦਾਨ ਪਾ ਰਹੀਆਂ ਹਨ। ਬਾਬਾ ਬਲਵੰਤ ਸਿੰਘ ਜੀ ਦੇ ਉੱਦਮ ਸਦਕਾ ਬਣੀ ਇਹ ਸੰਸਥਾ ਪਿੱਛੇ 53 ਸਾਲਾਂ ਤੋਂ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰ ਰਹੀ ਹੈ। ਹਾਲਾਂਕਿ ਬਾਬਾ ਬਲਵੰਤ ਸਿੰਘ ਜੀ 24 ਜੂਨ 2014 ਈ. ਨੂੰ ਸਾਨੂੰ ਸਦਾ ਲਈ ਵਿਛੋੜਾ ਦੇ ਗਏ ਪਰ ਉਹਨਾਂ ਦੁਆਰਾ ਬਣਵਾਈ ਗਈ ਇਹ ਸੰਸਥਾ ਬਿਨ੍ਹਾਂ ਕਿਸੇ ਭੇਦ-ਭਾਵ ਸਭ ਖਿੱਤਿਆਂ ਦੇ ਲੋਕਾਂ ਦੀ ਸੇਵਾ ਨਾ-ਨਫਾ, ਨਾ-ਨੁਕਸਾਨ ਦੇ ਫ਼ਲਸਫ਼ੇ ਤੇ ਚਲਦੇ ਹੋਏ ਬਿਨਾਂ ਕਿਸੇ ਭੇਦ-ਭਾਵ ਇਲਾਕੇ ਦੀ ਸੇਵਾ ਕਰ ਰਹੀ ਹੈ ਅਤੇ ਭੱਵਿਖ ਵਿੱਚ ਵੀ ਇਸੇ ਤਰ੍ਹਾਂ ਵਿੱਦਿਆ ਦਾ ਚਾਨਣ ਫੈਲਾਉਣ ਲਈ ਵਚਨਬੱਧ ਹੈ।

# ਸੰਦੇਸ਼



ਪਿਆਰੇ ਵਿਦਿਆਰਥੀਓ

ਸੰਤ ਬਾਬਾ ਅਤਰ ਸਿੰਘ ਖ਼ਾਲਸਾ ਕਾਲਜ ਵਿੱਚ ਦਾਖ਼ਲਾ ਲੈਣ ਤੇ ਮੇਰੇ ਵੱਲੋਂ ਤੁਹਾਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ ਅਤੇ ਜੀ ਆਇਆਂ ਨੂੰ।

ਇਸ ਕਾਲਜ ਦੀ ਸਥਾਪਨਾ 1970 ਈ: ਨੂੰ ਸੰਤ ਅਤਰ ਸਿੰਘ ਜੀ ਦੇ ਸਿੱਖਿਆ ਪਸਾਰੇ ਦੇ ਮੰਤਵ ਦੀ ਪੂਰਤੀ ਲਈ ਸੰਤ ਬਲਵੰਤ ਸਿੰਘ ਜੀ ਸਿਹੌੜਾ ਸਾਹਿਬ ਵਾਲਿਆਂ ਵੱਲੋਂ ਲੋਕਾਂ ਦੀ ਮੱਦਦ ਨਾਲ ਕੀਤੀ ਗਈ। ਸਰਕਾਰੀ ਸਹਾਇਤਾ ਅਤੇ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਚੱਲ ਰਹੀ ਇਹ ਸੰਸਥਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹੈ। ਕਾਲਜ ਦੀ ਇਮਾਨਦਾਰ ਪ੍ਰਬੰਧਕ ਕਮੇਟੀ ਅਤੇ ਮਿਹਨਤੀ ਟੀਚਿੰਗ ਤੇ ਨਾਨਟੀਚਿੰਗ ਸਟਾਫ਼ ਦੀ ਲਗਨ ਸਦਕਾ ਸੰਸਥਾ ਲਗਾਤਾਰ ਤਰੱਕੀ ਦੀਆਂ ਬੁਲੰਦੀਆਂ ਨੂੰ ਛੂਹ ਰਹੀ ਹੈ ਅਤੇ ਪਿਛਲੇ ਚੁਰੰਜਾ ਸਾਲਾਂ ਤੋਂ ਨਾ ਨਫਾ ਨਾ ਨੁਕਸਾਨ (No Profit, No Loss) ਦੇ ਸਿਧਾਂਤ ਤੇ ਚਲਦਿਆਂ ਆਪਣੀਆਂ ਸੇਵਾਵਾਂ ਨਿਭਾ ਰਹੀ ਹੈ।

ਪੇਂਡੂ ਖੇਤਰ ਵਿੱਚ ਬਣੇ ਇਸ ਕਾਲਜ ਨੂੰ ਬਣਾਉਣ ਦਾ ਮਕਸਦ ਇਲਾਕੇ ਦੇ ਨੌਜਵਾਨ ਲੜਕੇ-ਲੜਕੀਆਂ ਨੂੰ ਉੱਚ ਪੱਧਰੀ ਸਿੱਖਿਆ ਦੇ ਕੇ ਸਮੇਂ ਦੇ ਹਾਣੀ ਬਣਾਉਣਾ, ਜੀਵਨ ਪੱਧਰ ਨੂੰ ਉੱਚਾ ਚੁੱਕਣਾ ਤੇ ਆਦਰਸ਼ ਨਾਗਰਿਕ ਬਣਾਉਣ ਦੀ ਵਚਨਬੱਧਤਾ ਸੀ, ਜਿਸ ਉੱਪਰ ਲਗਾਤਾਰ ਇਹ ਸੰਸਥਾ ਕੰਮ ਕਰਦੀ ਆ ਰਹੀ ਹੈ। ਸੰਤ ਬਾਬਾ ਅਤਰ ਸਿੰਘ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਇਸ ਸੰਸਥਾ ਦਾ ਉਦੇਸ਼ ਵਿਦਿਆਰਥੀਆਂ ਨੂੰ ਸਮੇਂ ਅਤੇ ਨਵੇਂ ਯੁੱਗ ਦੀਆਂ ਲੋੜਾਂ ਮੁਤਾਬਕ ਨਵੀਂ ਵਿੱਦਿਆ ਦੇ ਨਾਲ-ਨਾਲ ਆਪਣੇ ਸੱਭਿਆਚਾਰ, ਇਤਿਹਾਸ, ਭਾਸ਼ਾ ਤੇ ਵਿਰਸੇ ਨਾਲ ਜੋੜਨਾ ਹੈ। ਸਮੇਂ-ਸਮੇਂ ਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਸ ਸਾਲ ਤੋਂ ਕਾਲਜ ਵਿੱਚ ਪੰਜਾਬ ਸਰਕਾਰ ਦੁਆਰਾ ਬਣਾਈ ਗਈ ਨਵੀਂ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਤੋਂ ਮਨਜ਼ੂਰ ਡਿਪਲੋਮਾ ਕੋਰਸ ਇਨ ਅਕਾਊਂਟਿੰਗ ਐਂਡ ਟੈੱਕਸੇਸ਼ਨ ਅਤੇ ਫ਼ੈਸ਼ਨ ਡਿਜ਼ਾਈਨਿੰਗ ਸ਼ੁਰੂ ਕੀਤੇ ਗਏ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਅਜਿਹੇ ਹੋਰ ਕੋਰਸ ਵੀ ਸ਼ੁਰੂ ਕੀਤੇ ਜਾਣਗੇ। ਇਹੀ ਨਹੀਂ ਸਮੇਂ ਦੀਆਂ ਲੋੜਾਂ ਤੇ ਕਿੱਤੇ ਨੂੰ ਮੁੱਖ ਰੱਖਦੇ ਹੋਏ ਕਾਲਜ ਨੇ ਕਿੱਤਾਮੁਖੀ ਕੋਰਸ ਪੱਤਰਕਾਰੀ ਤੇ ਜਨ ਸੰਚਾਰ, ਕੰਪਿਊਟਰ ਸਾਇੰਸ ਤੇ ਫ਼ੈਸ਼ਨ ਡਿਜ਼ਾਇਨਿੰਗ ਵੀ ਬੀ.ਏ. ਵਿੱਚ ਸ਼ੁਰੂ ਕੀਤੇ ਹਨ ਤਾਂ ਜੋ ਵਿਦਿਆਰਥੀ ਬੀ.ਏ. ਦੀ ਪੜਾਈ ਨਾਲ ਨਾਲ ਅਜਿਹੇ ਵਿਸ਼ੇ ਵੀ ਪੜ੍ਹ ਸਕਣ।

ਪੜਾਈ ਦੇ ਨਾਲ-ਨਾਲ ਕਾਲਜ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਸਮੇਂ-ਸਮੇਂ ਤੇ ਮੁਕਾਬਲੇ ਅਤੇ ਗਤੀਵਿਧੀਆਂ ਦਾ ਆਯੋਜਨ ਕਰਦਾ ਰਹਿੰਦਾ ਹੈ। ਬੱਚਿਆਂ ਨੂੰ ਸਮਾਜਿਕ ਪੱਧਰ ਤੇ ਉੱਚਾ ਚੁੱਕਣ ਲਈ ਐਨ.ਐਸ.ਐਸ. ਅਤੇ ਰੈੱਡ ਰਿਬਨ ਕਲੱਬ ਦੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਵਿਦਿਆਰਥੀਆਂ ਦੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਲਈ ਸਮੂਹ ਸਟਾਫ਼ ਵਚਨਬੱਧ ਹੈ। ਕਾਲਜ ਦਾ ਮਿਹਨਤੀ ਸਟਾਫ਼ ਵਿਦਿਆਰਥੀਆਂ ਨੂੰ ਹਰ ਪੱਖ ਤੋਂ ਮਜ਼ਬੂਤ ਕਰਨ ਲਈ ਕਾਰਜਸ਼ੀਲ ਹੈ। ਇਸ ਕਾਲਜ ਵਿਚੋਂ ਵਿੱਦਿਆ ਹਾਸਲ ਕਰਕੇ ਬੱਚੇ ਦੇਸ਼ ਵਿਦੇਸ਼ਾਂ ਵਿਚ ਮਹਿਕਾਂ ਖਿੰਡਾ ਰਹੇ ਹਨ ਤੇ ਸੰਸਥਾ ਦਾ ਮਾਣ ਵਧਾ ਰਹੇ ਹਨ।

ਸੈਸ਼ਨ 2024-25 ਵਿੱਚ ਇਸ ਸੰਸਥਾ ਵਿੱਚ ਦਾਖ਼ਲਾ ਲੈਣ ਵਾਲੇ ਮੇਰੇ ਪਿਆਰੇ ਵਿਦਿਆਰਥੀਆਂ ਨੂੰ ਮੁਬਾਰਕਾਂ ਤੇ ਚੰਗੇ ਭਵਿੱਖ ਲਈ ਢੇਰ ਸਾਰੀਆਂ ਸ਼ੁਭਕਾਮਨਾਵਾਂ ।

ਪ੍ਰਿੰਸੀਪਲ
ਡਾ. ਕਪਿਲ ਦੇਵ ਗੋਇਲ
ਸੰਤ ਬਾਬਾ ਅਤਰ ਸਿੰਘ ਖ਼ਾਲਸਾ ਕਾਲਜ
ਸੰਦੌੜ (ਮਾਲੇਰਕੋਟਲਾ)

# ਕਾਲਜ ਸੰਸਥਾ ਤੇ ਇੱਕ ਝਾਤ

ਸੰਤ ਬਾਬਾ ਅਤਰ ਸਿੰਘ ਖ਼ਾਲਸਾ ਕਾਲਜ, ਸੰਦੌੜ ਇਕ ਪੇਂਡੂ ਇਲਾਕੇ ਦਾ ਕਾਲਜ ਹੈ। ਇਹ ਕਾਲਜ 1970 ਈ: ਵਿੱਚ ਸੰਤ ਬਾਬਾ ਬਲਵੰਤ ਸਿੰਘ ਸਿੱਧਸਰ ਸਿਹੌੜਾ ਵੱਲੋਂ ਇਲਾਕੇ ਦੀਆਂ ਸੰਗਤਾਂ ਦੀ ਮਦਦ ਨਾਲ ਖੋਲ੍ਹਿਆ ਗਿਆ। ਇਸ ਕਾਲਜ ਨੂੰ ਰਜਿਸਟਰੇਸ਼ਨ ਆਫ਼ ਸੋਸਾਇਟੀਜ਼ ਐਕਟ XXI, 1860 ਦੇ ਅਧੀਨ ਮਿਤੀ 12/04/1972 ਨੂੰ ਰਜਿਸਟਰ ਕਰਵਾਇਆ ਗਿਆ। ਸੰਤ ਬਾਬਾ ਅਤਰ ਸਿੰਘ ਜੀ ਦੀ ਸਮਾਜ ਨੂੰ ਵਿੱਦਿਆ ਦੀ ਦੇਣ ਨੂੰ ਮੁੱਖ ਰੱਖਦੇ ਹੋਏ ਕਾਲਜ ਦਾ ਨਾਮਕਰਨ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਨਾਮ ਤੇ ਕੀਤਾ ਗਿਆ। ਕਾਲਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਿਤ ਕਰਵਾਇਆ ਗਿਆ ਅਤੇ ਇਸ ਵਿਚ ਆਰਟਸ ਦੀਆ ਕਲਾਸਾਂ ਹੀ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਗਿਆ । ਜਿਸ ਸਮੇਂ ਕਾਲਜ ਸ਼ੁਰੂ ਕੀਤਾ ਗਿਆ ਉਸ ਸਮੇਂ ਕਾਲਜ ਸੈੱਲਫ ਫਾਈਨਾਂਸ ਅਤੇ ਪੂਰਨ ਤੌਰ ਤੇ ਪ੍ਰਾਈਵੇਟ ਕਾਲਜ ਹੀ ਸੀ ਪ੍ਰੰਤੂ ਪੰਜਾਬ ਸਰਕਾਰ ਦੇ ਫ਼ੈਸਲੇ ਅਨੁਸਾਰ 1977-78 ਦੇ ਵਿਚ ਉਸ ਸਮੇਂ ਦੇ ਸਾਰੇ ਪ੍ਰਾਈਵੇਟ ਕਾਲਜਾਂ ਨੂੰ ਗ੍ਰਾਂਟ-ਇਨ-ਏਡ ਸਕੀਮ ਤਹਿਤ ਲਿਆਂਦਾ ਗਿਆ, ਜਿਸ ਦੇ ਰਾਹੀਂ ਸੰਤ ਬਾਬਾ ਅਤਰ ਸਿੰਘ ਖ਼ਾਲਸਾ ਕਾਲਜ ਵੀ ਪੰਜਾਬ ਸਰਕਾਰ ਦੇ ਪੱਤਰ ਨੰਬਰ 13/58-79 ਗਰਾਂਟ-2 (4) ਮਿਤੀ 16/10/1980 ਦੇ ਅਨੁਸਾਰ 1/11/77 ਤੋਂ 95% ਸਰਕਾਰੀ ਸਹਾਇਤਾ ਅਧੀਨ ਲਿਆਂਦਾ ਗਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ 2/4/1983 ਨੂੰ ਕਾਲਜ ਨੂੰ ਟੈਂਪਰੇਰੀ ਤੋਂ ਪੱਕੀ ਮਾਨਤਾ ਦੇ ਦਿੱਤੀ ਗਈ । ਕਾਲਜ ਆਪਣੀਆਂ ਤਰੱਕੀਆਂ ਵੱਲ ਵਧਦਾ ਗਿਆ ਅਤੇ ਕਾਲਜ ਨੇ ਇਕ ਹੋਰ ਮੀਲ ਪੱਥਰ ਕਾਇਮ ਕਰਦੇ ਹੋਏ ਕਾਲਜ ਨੂੰ ਯੂ.ਜੀ.ਸੀ. ਦੇ ਪੱਤਰ ਨੰਬਰ PB-111/85 (OPP-1) ਮਿਤੀ 4 ਸਤੰਬਰ 1987 ਦੇ ਅਨੁਸਾਰ 2(F) 12B ਆਫ਼ ਯੂ.ਜੀ.ਸੀ. ACT 1956 ਵਿੱਚ ਸ਼ਾਮਿਲ ਕੀਤਾ ਗਿਆ ਜਿਸ ਰਾਹੀਂ ਕਾਲਜ ਨੂੰ ਯੂ ਜੀ ਸੀ ਤੋਂ ਵਿਕਾਸ ਸਬੰਧੀ ਗਰਾਂਟਾਂ ਮਿਲਣੀਆਂ ਸ਼ੁਰੂ ਹੋ ਗਈਆਂ । ਫਿਰ 1995-96 ਵਿਚ ਕਾਲਜ ਵਿਚ ਕੰਪਿਊਟਰ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ। ਵਿਦਿਆਰਥੀਆ ਦੀ ਮੁੱਖ ਮੰਗ ਨੂੰ ਦੇਖਦੇ ਹੋਏ ਕਾਲਜ ਵਿਚ 2011-12 ਤੋਂ ਐਮ.ਏ. (ਪੰਜਾਬੀ) ਅਤੇ 2015-16 ਤੋਂ ਕਾਮਰਸ ਦੀਆ ਕਲਾਸਾਂ ਸ਼ੁਰੂ ਕੀਤੀਆਂ ਗਈਆਂ।

ਇਸ ਸਮੇਂ ਕਾਲਜ ਵਿਖੇ ਸਾਲ 2021-22 ਤੋਂ ਪੰਜਾਬ ਸਰਕਾਰ ਦੀ ਯੂਨੀਵਰਸਿਟੀ (ਜਗਤ ਗੁਰੂ-ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ) ਤੋਂ ਮਾਨਤਾ ਪ੍ਰਾਪਤ ਕੋਰਸ ਸ਼ੁਰੂ ਕੀਤੇ ਗਏ ਹਨ। ਇਹ ਕੋਰਸ ਛੇ ਮਹੀਨੇ/ਇੱਕ ਸਾਲ ਦੇ ਹਨ।

ਵਿਦਿਆਰਥੀਆਂ ਦੀ ਪੁਰਜੋਰ ਮੰਗ ਤੇ ਪਿਛਲੇ ਸ਼ੈਸਨ ਦੌਰਾਨ ਕਾਲਜ ਦੀ ਪ੍ਰਬੰਧਕ ਕਮੇਟੀ ਵੱਲੋਂ ਇਲਾਕੇ ਦੇ ਵਿਦਿਆਰਥੀਆਂ ਨੂੰ ਉੱਚ ਦਰਜੇ ਦੀ ਸਿੱਖਿਆ ਦੇਣ ਲਈ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਤੋਂ ਮਾਨਤਾ ਪ੍ਰਾਪਤ 10+1 ਅਤੇ 10 +2 (ਆਰਟਸ) ਦੀਆਂ ਕਲਾਸਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ।

ਕਾਲਜ ਦੀ ਪ੍ਰਬੰਧਕ ਕਮੇਟੀ ਦੀ ਯੋਗ ਅਗਵਾਈ ਅਤੇ ਸਟਾਫ਼ ਦੀ ਮਿਹਨਤ ਸਦਕਾ ਕਾਲਜ ਬੁਲੰਦੀਆਂ ਛੋਹਣ ਲਈ ਅੱਗੇ ਵੱਧ ਰਿਹਾ ਹੈ।



# ਪ੍ਰਬੰਧਕ ਕਮੇਟੀ

| ਕ੍ਰਮ-ਅੰਕ | ਨਾਮ | ਅਹੁਦਾ |
|---|---|---|
| 1. | ਸ਼੍ਰੀਮਾਨ 111 ਸੰਤ ਬਲਵੰਤ ਸਿੰਘ ਮਹਾਰਾਜ (ਸੱਚਖੰਡ ਵਾਸੀ) | ਸੰਸਥਾਪਕ |
| 2. | ਸੰਤ ਜਸਦੇਵ ਸਿੰਘ ਜੀ ਲੋਹਟਬੱਦੀ | ਕਾਰਜਕਾਰੀ ਪ੍ਰਧਾਨ |
| 3. | ਸ. ਕਰਮਜੀਤ ਸਿੰਘ | ਸੀਨੀ. ਮੀਤ ਪ੍ਰਧਾਨ |
| 4. | ਸ. ਸਤਵੰਤ ਸਿੰਘ | ਜਨਰਲ ਸਕੱਤਰ |
| 5. | ਸ. ਸੁਖਮਹਿੰਦਰ ਸਿੰਘ | ਖਜ਼ਾਨਚੀ |
| 6. | ਸੰਤ ਈਸ਼ਰ ਸਿੰਘ | ਮੈਂਬਰ |
| 7. | ਸ. ਜੋਗਿੰਦਰ ਸਿੰਘ | ਮੈਂਬਰ |
| 8. | ਬੀਬੀ ਸੁਖਮਿੰਦਰ ਕੌਰ | ਮੈਂਬਰ |
| 9. | ਸ. ਸੁਰਿੰਦਰ ਸਿੰਘ | ਮੈਂਬਰ |
| 10. | ਸ. ਭੁਪਿੰਦਰ ਸਿੰਘ | ਮੈਂਬਰ |
| 11. | ਸ. ਲਾਭ ਸਿੰਘ | ਮੈਂਬਰ |
| 12. | ਸ. ਰਜਿੰਦਰ ਸਿੰਘ | ਮੈਂਬਰ |
| 13. | ਸ. ਮਨਜਿੰਦਰ ਸਿੰਘ | ਮੈਂਬਰ |
| 14. | ਡਾ. ਕਪਿਲ ਦੇਵ ਗੋਇਲ (ਪ੍ਰਿੰਸੀਪਲ) | ਅਹੁਦੇ ਦੇ ਤੌਰ ਤੇ |
| 15. | ਡਾ. ਬਚਿੱਤਰ ਸਿੰਘ | ਮੈਂਬਰ ਸਟਾਫ਼ ਨੁਮਾਇੰਦਾ |
| 16. | ਡਾ. ਕਰਮਜੀਤ ਸਿੰਘ | ਮੈਂਬਰ ਸਟਾਫ਼ ਨੁਮਾਇੰਦਾ |



ਸਵ: ਸੰਤ ਕੇਸਰ ਦਾਸ ਜੀ ਕੰਗਣਵਾਲ
ਸਾਬਕਾ ਪ੍ਰਧਾਨ
ਸੰਤ ਬਾਬਾ ਅਤਰ ਸਿੰਘ ਖ਼ਾਲਸਾ ਕਾਲਜ
ਪ੍ਰਬੰਧਕ ਕਮੇਟੀ



ਸ. ਸਤਵੰਤ ਸਿੰਘ, ਜਨਰਲ ਸਕੱਤਰ
ਸੰਤ ਬਾਬਾ ਅਤਰ ਸਿੰਘ ਖ਼ਾਲਸਾ ਕਾਲਜ
ਪ੍ਰਬੰਧਕ ਕਮੇਟੀ

S.B.A.S. KHALSA COLLEGE
SANDAUR

# ਰੈੱਡ ਰਿਬਨ ਕਲੱਬ ਦੀਆਂ ਗਤੀਵਿਧੀਆਂ



















| ਡਾਇਰੈਕਟਰ | ਪ੍ਰੋ. ਰਜਿੰਦਰ ਕੁਮਾਰ |
|---|---|

| ਮੁੱਖ ਸਲਾਹਕਾਰ (ਅਕਾਦਮਿਕ) | ਡਾ. ਕਰਮਜੀਤ ਕੌਰ |
|---|---|

# ਦਫ਼ਤਰ

| | |
|---|---|
| ਬਰਸਰ | ਡਾ. ਹਰਮਨ ਸਿੰਘ |
| ਰਜਿਸਟਰਾਰ (ਘਰੇਲੂ ਪ੍ਰੀਖਿਆਵਾਂ) | ਡਾ. ਕਰਮਜੀਤ ਸਿੰਘ |
| ਯੁਵਕ ਭਲਾਈ ਅਤੇ ਸਭਿਆਚਾਰਕ ਮਾਮਲੇ | ਡਾ. ਕਰਮਜੀਤ ਸਿੰਘ, ਪ੍ਰੋ. ਪਰਦੀਪ ਕੌਰ |
| ਰਾਸ਼ਟਰੀ ਸੇਵਾ ਯੋਜਨਾ | ਡਾ. ਹਰਮਨ ਸਿੰਘ, ਪ੍ਰੋ. ਪਰਦੀਪ ਕੌਰ, ਪ੍ਰੋ. ਅਮਨਪ੍ਰੀਤ ਸਿੰਘ |
| ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ | ਡਾ. ਬਚਿੱਤਰ ਸਿੰਘ, ਪ੍ਰੋ. ਅਮਨਪ੍ਰੀਤ ਸਿੰਘ |
| ਕੋਆਰਡੀਨੇਟਰ – ਜਗਤ ਗੁਰੂ ਨਾਨਕ ਯੂਨੀਵਰਸਿਟੀ | ਡਾ. ਬਚਿੱਤਰ ਸਿੰਘ |
| ਯੂ.ਜੀ.ਸੀ. ਨੈਟਵਰਕ ਰਿਸੋਰਸ ਸੈਂਟਰ | ਡਾ. ਕਪਿਲ ਦੇਵ ਗੋਇਲ |
| ਕੈਰੀਅਰ ਐਂਡ ਕੌਂਸਲਿੰਗ ਪਲੇਸਮੈਂਟ ਸੈਲ | ਡਾ. ਬਚਿੱਤਰ ਸਿੰਘ |
| ਰੈੱਡ ਰਿਬਨ ਕਲੱਬ | ਡਾ. ਹਰਮਨ ਸਿੰਘ |
| ਸਵੀਪ ਨੋਡਲ ਅਫਸਰ | ਪ੍ਰੋ. ਗੁਰਪ੍ਰੀਤ ਸਿੰਘ, ਪ੍ਰੋ. ਜਸਵਿੰਦਰ ਸਿੰਘ |

**ਪ੍ਰਿੰਸੀਪਲ**

ਡਾ. ਕਪਿਲ ਦੇਵ ਗੋਇਲ ਐਮ.ਸੀ.ਏ, ਐਮ.ਫਿਲ., ਪੀ.ਐਚ.ਡੀ (ਨੈੱਟ) (ਕਾਰਜਕਾਰੀ)
ਰੈਗੂਲਰ (ਖਾਲੀ)

## ਟੀਚਿੰਗ ਸਟਾਫ਼

| ਵਿਭਾਗ | ਸਟਾਫ਼ |
|---|---|
| ਅੰਗਰੇਜ਼ੀ ਵਿਭਾਗ | ਪ੍ਰੋ. ਪ੍ਰਭਜੋਤ ਕੌਰ (ਆਰਜ਼ੀ) ਐਮ.ਏ.,ਬੀ.ਐਡ. (ਆਰਜ਼ੀ)<br>ਪ੍ਰੋ. ਸ਼ਾਹਿਦਾ ਪ੍ਰਵੀਨ (ਆਰਜ਼ੀ) ਐਮ.ਏ. (ਆਰਜ਼ੀ)<br>ਰੈਗੂਲਰ (ਖਾਲੀ) -2 |
| ਪੰਜਾਬੀ ਵਿਭਾਗ | ਡਾ. ਬਚਿੱਤਰ ਸਿੰਘ ਐਮ.ਏ., ਐਮ.ਫਿਲ., ਪੀ.ਐਚ.ਡੀ. (ਨੈੱਟ)<br>ਡਾ. ਹਰਮਨ ਸਿੰਘ ਐਮ.ਏ.,ਪੀ. ਐਚ.ਡੀ. (ਨੈਟ)<br>ਡਾ. ਕੁਲਦੀਪ ਕੌਰ ਐਮ.ਏ.,ਐਮ.ਫਿਲ, ਪੀ.ਐਚ.ਡੀ. (ਆਰਜ਼ੀ)<br>ਪ੍ਰੋ. ਸੰਦੀਪ ਕੌਰ ਐਮ.ਏ.(ਨੈੱਟ) (ਆਰਜ਼ੀ) |
| ਦਿਹਾਤੀ ਵਿਕਾਸ ਵਿਭਾਗ | ਪ੍ਰੋ. ਰਾਜਿੰਦਰ ਕੁਮਾਰ ਐਮ.ਏ.,ਐਮ.ਫਿਲ. (ਮੁੜ-ਨਿਯੁਕਤ)<br>ਰੈਗੂਲਰ (ਖਾਲੀ)-1 |
| ਇਤਿਹਾਸ ਵਿਭਾਗ | ਡਾ. ਕਰਮਜੀਤ ਸਿੰਘ ਐਮ.ਏ., ਐਮ.ਫਿਲ., ਪੀ.ਐਚ.ਡੀ. |
| ਕੰਪਿਊਟਰ ਵਿਭਾਗ | ਡਾ. ਕਪਿਲ ਦੇਵ ਗੋਇਲ ਐਮ.ਸੀ.ਏ, ਐਮ.ਫਿਲ., ਪੀ.ਐਚ.ਡੀ (ਨੈੱਟ) |
| ਪੱਤਰਕਾਰੀ ਅਤੇ ਜਨ-ਸੰਚਾਰ ਵਿਭਾਗ | ਪ੍ਰੋ. ਗੁਰਪ੍ਰੀਤ ਸਿੰਘ ਐਮ.ਜੇ.ਐਮ.ਸੀ., ਐਮ.ਫਿਲ. (ਨੈੱਟ) Pursuing Ph.D |
| ਫੈਸ਼ਨ ਡਿਜ਼ਾਇਨਿੰਗ | ਪ੍ਰੋ. ਮਨਪ੍ਰੀਤ ਕੌਰ ਐਮ.ਐਸ..ਸੀ.<br>ਰੈਗੂਲਰ (ਖਾਲੀ)-1 |
| ਲਾਇਬਰੇਰੀ ਸੇਵਾਵਾਂ ਵਿਭਾਗ | ਸ. ਹਰਮੀਤ ਸਿੰਘ ਐਮ.ਲਿਬ.,(ਨੈੱਟ) |
| ਰਾਜਨੀਤੀ ਸ਼ਾਸਤਰ ਵਿਭਾਗ | ਪ੍ਰੋ. ਕਮਲਜੀਤ ਕੋਰ ਐਮ.ਏ.,ਬੀ. ਐੱਡ. ਐਮ.ਐਡ. (ਆਰਜ਼ੀ) |
| ਸਰੀਰਕ ਸਿੱਖਿਆ ਵਿਭਾਗ | ਡਾ. ਜਗਦੀਪ ਸਿੰਘ ਐਮ.ਪੀ.ਐਡ, ਪੀ.ਐੱਚ.ਡੀ. (ਆਰਜ਼ੀ) |

**ਅਰਥ ਸ਼ਾਸਤਰ ਵਿਭਾਗ**

ਪ੍ਰੋ. ਜਸਵਿੰਦਰ ਸਿੰਘ ਐਮ.ਏ. (ਆਰਜ਼ੀ)

**ਕਾਮਰਸ ਵਿਭਾਗ**

ਪ੍ਰੋ. ਪ੍ਰਦੀਪ ਕੌਰ ਐਮ.ਕਾਮ. (ਨੈੱਟ) ਐਚ.ਓ.ਡੀ.
ਪ੍ਰੋ. ਸੁਖਵਿੰਦਰ ਸਿੰਘ ਐਮ.ਕਾਮ. (ਆਰਜ਼ੀ)
ਪ੍ਰੋ. ਅਮਨਪ੍ਰੀਤ ਸਿੰਘ ਐਮ.ਕਾਮ. (ਆਰਜ਼ੀ)

**ਕੰਪਿਊਟਰ ਅਤੇ ਇਨਫਰਮੇਸ਼ਨ ਟੈਕਨਾਲੋਜੀ ਵਿਭਾਗ**

ਪ੍ਰੋ. ਸਵਰਨਜੀਤ ਸਿੰਘ ਐਮ.ਟੈੱਕ.
ਡਾ. ਹਰਿੰਦਰ ਸਿੰਘ ਐਮ.ਟੈੱਕ., ਪੀ.ਐਚ.ਡੀ.
ਪ੍ਰੋ. ਕੁਲਵਿੰਦਰ ਸਿੰਘ ਐਮ.ਸੀ.ਏ, ਐਮ.ਏ.ਜੇ.ਐਮ. ਸੀ.(ਆਰਜ਼ੀ)
ਪ੍ਰੋ. ਹਰਮਨਦੀਪ ਸਿੰਘ ਐਮ.ਐਸ.ਸੀ. (ਮੈਥ),ਬੀ. ਐੱਡ. (ਆਰਜ਼ੀ)

## ਨਾਨ-ਟੀਚਿੰਗ ਸਟਾਫ਼

| | |
|---|---|
| ਕਲਰਕ | ਸ. ਮਨਪ੍ਰੀਤ ਸਿੰਘ (ਰੈਗੂਲਰ) |
| ਕੈਸ਼ੀਅਰ | ਸ਼੍ਰੀਮਤੀ ਅਨਾਮਿਕਾ ਸੰਧੂ |
| ਗ੍ਰੰਥੀ ਅਤੇ ਗੇਟਮੈਨ | ਸ. ਅੱਛਰਜੀਤ ਸਿੰਘ (ਆਰਜ਼ੀ) |
| ਸੇਵਾਦਾਰ | ਸ. ਤੇਜਿੰਦਰ ਸਿੰਘ (ਰੈਗੂਲਰ)<br>ਸ. ਸੁਰਜੀਤ ਸਿੰਘ (ਆਰਜ਼ੀ)<br>ਸ਼੍ਰੀਮਤੀ ਕੁਲਵਿੰਦਰ ਕੌਰ (ਆਰਜ਼ੀ) |
| ਚੌਂਕੀਦਾਰ | ਸ਼੍ਰੀ ਕਰਨ ਬਹਾਦੁਰ (ਰੈਗਲੂਰ) |
| ਮਾਲੀ | ਸ. ਹਾਕਮ ਸਿੰਘ (ਬਰਖ਼ਾਸਤ)<br>(ਖਾਲੀ) |
| ਡਰਾਈਵਰ | ਸ. ਬਲਦੇਵ ਸਿੰਘ (ਆਰਜ਼ੀ)<br>ਸ. ਸੁਖਵਿੰਦਰ ਸਿੰਘ (ਆਰਜ਼ੀ) |
| ਸਫ਼ਾਈ ਸੇਵਕ | ਸ਼੍ਰੀ. ਸੁਭਾਸ਼ ਕੁਮਾਰ (ਆਰਜ਼ੀ)<br>ਰੈਗੂਲਰ (ਖਾਲੀ)-1 |





# ਦਾਖ਼ਲਾ ਮਿਤੀਆਂ

## ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਦਾਖ਼ਲਿਆਂ ਦਾ ਸ਼ਡਿਊਲ

| ਲੜੀ ਨੰ: | ਵੇਰਵੇ | ਅੰਡਰ-ਗ੍ਰੇਜੁਏਸ਼ਨ | ਪੋਸਟ-ਗ੍ਰੇਜੁਏਸ਼ਨ |
|---|---|---|---|
| 1 | ਕੇਂਦਰੀ ਪੋਰਟਲ 'ਤੇ ਦਾਖ਼ਲਾ ਸ਼ੁਰੂ ਹੋਣ ਦੀ ਮਿਤੀ | 15 ਮਈ 2024 | 15 ਜੂਨ 2024 |
| 2 | ਕੇਂਦਰੀ ਪੋਰਟਲ 'ਤੇ ਦਾਖ਼ਲਾ ਬੰਦ ਹੋਣ ਦੀ ਮਿਤੀ | 25 ਜੂਨ 2024 | 7 ਜੁਲਾਈ 2024 |
| 3 | ਆਨਲਾਈਨ ਦਸਤਾਵੇਜ਼ਾਂ ਦੀ ਪੜਤਾਲ | 26 ਤੋਂ 30 ਜੂਨ 2024 | 8 ਤੋਂ 10 ਜੁਲਾਈ 2024 |
| 4 | ਪ੍ਰੋਵੀਜ਼ਨਲ ਮੈਰਿਟ ਲਿਸਟ ਜ਼ਾਰੀ ਕਰਨ ਦੀ ਮਿਤੀ | 4 ਜੁਲਾਈ 2024 | 12 ਜੁਲਾਈ 2024 |
| 5 | ਪ੍ਰੋਵੀਜ਼ੀਨਲ ਮੈਰਿਟ ਲਿਸਟ ਵਿੱਚ ਤਰੁੱਟੀਆਂ ਸਹੀ ਕਰਨ ਦੀ ਮਿਤੀ | 6 ਤੇ 7 ਜੁਲਾਈ 2024 | 13 ਜੁਲਾਈ 2024 |
| 6 | ਫਾਈਨਲ ਮੈਰਿਟ ਲਿਸਟ | 9 ਜੁਲਾਈ 2024 | 15 ਜੁਲਾਈ 2024 |
| 7 | ਕਾਊਂਸਲਿੰਗ ਅਤੇ ਪਹਿਲੇ ਗੇੜ ਦੇ ਦਾਖ਼ਲੇ | 10 ਤੋਂ 15 ਜੁਲਾਈ 2024 | 16 ਤੋਂ 24 ਜੁਲਾਈ 2024 |
| 8 | ਆਨਲਾਈਨ ਓਪਨ ਕਾਊਂਸਲਿੰਗ ਦੀ ਸ਼ੁਰੂਆਤ | 18 ਜੁਲਾਈ 2024 | 27 ਜੁਲਾਈ 2024 |
| 9 | ਐਡਮਿਸ਼ਨ ਦੀ ਆਖ਼ਰੀ ਮਿਤੀ | 24 ਜੁਲਾਈ 2024 | 8 ਅਗਸਤ 2024 |
| 10 | ਫ਼ੀਸ ਭਰਨ ਦੀ ਆਖ਼ਰੀ ਮਿਤੀ (ਯੂਨੀ. ਨਿਯਮਾਂ ਅਨੁਸਾਰ) | 25 ਜੁਲਾਈ 2024 | 9 ਅਗਸਤ 2024 |
| 11 | ਲੇਟ ਫ਼ੀਸ ਨਾਲ ਐਡਮਿਸ਼ਨ ਦੀ ਸ਼ੁਰੂਆਤ (ਪੰਜਾਬੀ ਯੂਨੀ. ਪਟਿਆਲਾ ਦੇ ਨਿਯਮਾਂ ਦੇ ਅਨੁਸਾਰ) | 1 ਅਗਸਤ ਤੋਂ ਸ਼ੁਰੂ | 10 ਅਗਸਤ ਤੋਂ ਸ਼ੁਰੂ |

**ਨੋਟ: ਦਾਖ਼ਲਾ ਨਿਯਮਾਂ ਅਤੇ ਮਿਤੀਆਂ ਵਿੱਚ ਪੰਜਾਬ ਸਰਕਾਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਮੇਂ-ਸਮੇਂ ਹਦਾਇਤਾਂ ਅਨੁਸਾਰ ਤਬਦੀਲੀ ਕੀਤੀ ਜਾ ਸਕਦੀ ਹੈ।**

| | U.G Classes | | P.G Classes |
|---|---|---|---|
| | (1st, IIIrd, Vth) | (IInd, IVth, VIth) | (Ist, IInd, IIIrd & IVth) |
| ਸਮੈਸਟਰ ਦੀ ਪੜ੍ਹਾਈ | 22.07.2024 ਤੋਂ 08.11.2024 | 06.01.2025 ਤੋਂ 25.04.2025 | ਵਧੇਰੇ ਜਾਣਕਾਰੀ ਲਈ QR ਕੋਡ ਨੂੰ ਸਕੈਨ ਕਰੋ |
| ਪ੍ਰੈਕਟੀਕਲ ਪ੍ਰੀਖਿਆਵਾਂ ਲਿਖਤੀ ਪ੍ਰੀਖਿਆਵਾਂ | 18.11.2024 | 05.05.2025 | |

# ਦਾਖ਼ਲਾ ਕਮੇਟੀਆਂ

**ਕਨਵੀਨਰ ਦਾਖ਼ਲਾ**
ਡਾ. ਬਚਿੱਤਰ ਸਿੰਘ

**ਬੀ.ਏ. ਭਾਗ ਪਹਿਲਾ**
ਡਾ. ਕਰਮਜੀਤ ਸਿੰਘ (ਕਨਵੀਨਰ)
ਪ੍ਰੋ. ਗੁਰਪ੍ਰੀਤ ਸਿੰਘ
ਪ੍ਰੋ. ਹਰਮਨਦੀਪ ਸਿੰਘ

**ਬੀ.ਏ. ਭਾਗ ਦੂਜਾ**
ਡਾ. ਹਰਮਨ ਸਿੰਘ (ਕਨਵੀਨਰ)
ਡਾ. ਜਗਦੀਪ ਸਿੰਘ

**ਬੀ.ਏ. ਭਾਗ ਤੀਜਾ**
ਡਾ. ਬਚਿੱਤਰ ਸਿੰਘ (ਕਨਵੀਨਰ)
ਪ੍ਰੋ. ਜਸਵਿੰਦਰ ਸਿੰਘ

**ਬੀ.ਕਾਮ (ਸਾਰੀਆਂ ਕਲਾਸਾਂ)**
ਪ੍ਰੋ. ਪ੍ਰਦੀਪ ਕੌਰ (ਕਨਵੀਨਰ)
ਪ੍ਰੋ. ਅਮਨਪ੍ਰੀਤ ਸਿੰਘ
ਪ੍ਰੋ. ਸੁਖਵਿੰਦਰ ਸਿੰਘ

**ਬੀ.ਸੀ.ਏ/ਪੀ.ਜੀ.ਡੀ.ਸੀ.ਏ/ ਐਮ.ਐਸ.ਸੀ. (ਸਾਰੀਆਂ ਕਲਾਸਾਂ)**
ਪ੍ਰੋ. ਸਵਰਨਜੀਤ ਸਿੰਘ (ਕਨਵੀਨਰ)
ਡਾ. ਹਰਿੰਦਰ ਸਿੰਘ ਧਾਲੀਵਾਲ
ਪ੍ਰੋ. ਕੁਲਵਿੰਦਰ ਸਿੰਘ
ਪ੍ਰੋ. ਪ੍ਰਭਜੋਤ ਕੌਰ

**ਐਮ.ਏ. ਭਾਗ ਪਹਿਲਾ ਅਤੇ ਦੂਜਾ**
ਡਾ. ਕੁਲਦੀਪ ਕੌਰ (ਕਨਵੀਨਰ)
ਪ੍ਰੋ. ਸੰਦੀਪ ਕੌਰ


ਡਾ. ਕਰਮਜੀਤ ਕੌਰ


ਪ੍ਰੋ. ਰਾਜਿੰਦਰ ਕੁਮਾਰ

**OLD Is Gold**

# ਕਾਲਜ ਕਮੇਟੀਆਂ

### ANTI RAGGING COMMITTEE
ਪ੍ਰੋ. ਪਰਦੀਪ ਕੌਰ
ਪ੍ਰੋ. ਸਵਰਨਜੀਤ ਸਿੰਘ
ਡਾ. ਜਗਦੀਪ ਸਿੰਘ

### N.S.S. COMMITTEE
ਡਾ. ਹਰਮਨ ਸਿੰਘ
ਪ੍ਰੋ. ਪਰਦੀਪ ਕੌਰ
ਪ੍ਰੋ. ਅਮਨਪ੍ਰੀਤ ਸਿੰਘ

### CANTEEN COMMITTEE
ਡਾ. ਕਰਮਜੀਤ ਸਿੰਘ
ਡਾ. ਹਰਮਨ ਸਿੰਘ
ਪ੍ਰੋ. ਪਰਦੀਪ ਕੌਰ

### HOUSE EXAM COMMITTEE
ਡਾ. ਕਰਮਜੀਤ ਸਿੰਘ
ਡਾ. ਹਰਮਨ ਸਿੰਘ
ਪ੍ਰੋ. ਗੁਰਪ੍ਰੀਤ ਸਿੰਘ

### DISCIPLINE COMMITTEE
ਡਾ. ਬਚਿੱਤਰ ਸਿੰਘ
ਡਾ. ਕਰਮਜੀਤ ਸਿੰਘ
ਪ੍ਰੋ. ਪਰਦੀਪ ਕੌਰ
ਪ੍ਰੋ. ਸਵਰਨਜੀਤ ਸਿੰਘ

### IQAC COMMITTEE
ਡਾ. ਕਪਿਲ ਦੇਵ (ਪ੍ਰਿੰਸੀਪਲ)
ਡਾ. ਬਚਿੱਤਰ ਸਿੰਘ (ਕਨਵੀਨਰ)
ਡਾ. ਹਰਮਨ ਸਿੰਘ
ਪ੍ਰੋ. ਪਰਦੀਪ ਕੌਰ

### GIRLS WELFARE
ਪ੍ਰੋ. ਪਰਦੀਪ ਕੌਰ
ਡਾ. ਕੁਲਦੀਪ ਕੌਰ
ਪ੍ਰੋ. ਕਮਲਜੀਤ ਕੌਰ

### TRANSPORTATION COMMITTEE
ਡਾ. ਕਰਮਜੀਤ ਸਿੰਘ
ਪ੍ਰੋ. ਗੁਰਪ੍ਰੀਤ ਸਿੰਘ
ਪ੍ਰੋ. ਸ਼ਾਹਿਦਾ ਪ੍ਰਵੀਨ

### BOYS WELFARE
ਡਾ. ਕਪਿਲ ਦੇਵ
ਪ੍ਰੋ. ਗੁਰਪ੍ਰੀਤ ਸਿੰਘ
ਡਾ. ਜਗਦੀਪ ਸਿੰਘ

### TIME TABLE COMMITTEE
ਡਾ. ਕਪਿਲ ਦੇਵ
ਪ੍ਰੋ. ਪਰਦੀਪ ਕੌਰ
ਪ੍ਰੋ. ਸਵਰਨਜੀਤ ਸਿੰਘ

### PUBLIC RELATION COMMITTEE
ਡਾ. ਕਰਮਜੀਤ ਸਿੰਘ
ਪ੍ਰੋ. ਕਪਿਲ ਦੇਵ ਗੋਇਲ
ਪ੍ਰੋ. ਗੁਰਪ੍ਰੀਤ ਸਿੰਘ

### LIBRARY COMMITTEE
ਪ੍ਰੋ. ਹਰਮੀਤ ਸਿੰਘ
ਡਾ. ਹਰਮਨ ਸਿੰਘ
ਪ੍ਰੋ. ਸਵਰਨਜੀਤ ਸਿੰਘ
ਪ੍ਰੋ. ਪਰਦੀਪ ਕੌਰ

# ਬੀ.ਏ. ਤਿੰਨ ਸਾਲਾ ਕੋਰਸ

## ਲਾਜ਼ਮੀ ਵਿਸ਼ੇ

| 1. ਪੰਜਾਬੀ ਲਾਜ਼ਮੀ | 2. ਅੰਗਰੇਜ਼ੀ ਲਾਜ਼ਮੀ |
|---|---|

| | | | | |
|---|---|---|---|---|
| ਪੱਤਰਕਾਰੀ ਅਤੇ ਜਨ ਸੰਚਾਰ/ ਫੈਸ਼ਨ ਡਿਜ਼ਾਈਨਿੰਗ/ ਸਰੀਰਕ ਸਿੱਖਿਆ | ਹਿਸਟਰੀ | ਪੁਲੀਟੀਕਲ ਸਾਇੰਸ /ਕੰਪਿਊਟਰ ਸਾਇੰਸ | ਪੰਜਾਬੀ ਸਾਹਿਤ/ ਅੰਗਰੇਜ਼ੀ ਸਾਹਿਤ | ਪੇਂਡੂ ਵਿਕਾਸ/ ਇਕਨੌਮਿਕਸ |

*ਵੱਧ ਤੋਂ ਵੱਧ ਦੋ ਪ੍ਰੈਕਟੀਕਲ ਵਿਸ਼ੇ ਹੀ ਲਏ ਜਾ ਸਕਦੇ ਹਨ।

ਨੋਟ : ਜਿਨ੍ਹਾਂ ਵਿਦਿਆਰਥੀਆਂ ਨੇ ਬੀ. ਏ. ਭਾਗ ਪਹਿਲਾ, ਬੀ.ਏ ਭਾਗ ਦੂਜਾ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤਾ ਹੋਵੇ, ਉਹ ਇਸ ਯੂਨੀਵਰਸਿਟੀ ਰਾਹੀਂ ਬੀ.ਏ. ਭਾਗ ਦੂਜਾ ਅਤੇ ਤੀਜਾ ਵਿੱਚ ਦਾਖਲਾ ਲੈ ਸਕਦੇ ਹਨ ਪਰ ਸਿਰਫ ਉਹੀ ਵਿਸ਼ੇ ਲੈ ਸਕਦੇ ਹਨ ਜੋ ਉਹਨਾਂ ਪਾਸ ਕੀਤੇ ਹਨ। ਉਹਨਾਂ ਵਿਦਿਆਰਥੀਆਂ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਾਤਰਤਾ ਸਰਟੀਫ਼ਿਕੇਟ ਲੈਣਾ ਪਵੇਗਾ।

ਬੀ.ਏ. ਭਾਗ ਪਹਿਲਾ ਦੇ ਸਾਰੇ ਵਿਦਿਆਰਥੀ ਦੂਜੇ ਸਮੈਸਟਰ ਵਿੱਚ Drug Abuse, Problem, Management & Prevention ਦਾ ਵਿਸ਼ਾ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਨਗੇ।

ਨੋਟ :
ਫ਼ਿਜ਼ੀਕਲ ਐਜੂਕੇਸ਼ਨ ਦਾ ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਨੂੰ ਟਰਾਇਲ ਦੇਣਾ ਅਤੇ ਪਾਸ ਕਰਨਾ ਜ਼ਰੂਰੀ ਹੋਵੇਗਾ।

ਬੀ.ਏ. ਭਾਗ ਦੂਜਾ ਦੇ ਸਾਰੇ ਵਿਦਿਆਰਥੀ ਤੀਜੇ ਸਮੈਸਟਰ ਵਿੱਚ Environmental and Road Safety Awareness ਦਾ ਵਿਸ਼ਾ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਨਗੇ।

## ਸਵੈ-ਵਿੱਤੀ ਯੋਜਨਾ ਅਧੀਨ ਚੱਲ ਰਹੇ ਕੋਰਸ

# ਐਮ.ਏ. (ਪੰਜਾਬੀ) ਦੋ ਸਾਲਾ ਕੋਰਸ (30 ਸੀਟਾਂ)

ਐਮ.ਏ. ਭਾਗ ਪਹਿਲਾ ਵਿੱਚ ਦਾਖ਼ਲਾ ਲੈਣ ਲਈ ਬੀ.ਏ., ਬੀ.ਕਾਮ., ਬੀ.ਸੀ.ਏ ਬੀ.ਐਸ.ਸੀ ਆਦਿ ਵਿੱਚੋਂ 50 ਅੰਕ ਹੋਣੇ ਜ਼ਰੂਰੀ ਹਨ। ਐਸ.ਸੀ. ਅਤੇ ਅਪਾਹਜ ਵਿਦਿਆਰਥੀ 45 ਅੰਕਾਂ ਨਾਲ ਦਾਖ਼ਲਾ ਲੈ ਸਕਦੇ ਹਨ।

### ਦਾਖ਼ਲੇ ਦੀਆਂ ਸ਼ਰਤਾਂ :-

1. ਜਿਸ ਵਿਦਿਆਰਥੀ ਨੇ ਬੀ.ਏ. ਭਾਗ ਤੀਜਾ ਦੀ ਪ੍ਰੀਖਿਆ ਪੰਜਾਬ ਦੀ ਕਿਸੇ ਵੀ ਯੂਨੀਵਰਸਿਟੀ ਤੋਂ 50% ਅੰਕਾਂ ਨਾਲ ਪਾਸ ਕੀਤੀ ਹੋਵੇ, ਐਮ.ਏ. ਭਾਗ ਪਹਿਲਾ ਦੇ ਪਹਿਲੇ ਸਮੈਸਟਰ ਵਿੱਚ ਦਾਖ਼ਲਾ ਦਿੱਤਾ ਜਾਵੇਗਾ।
2. ਦਾਖ਼ਲਾ ਮੈਰਿਟ ਦੇ ਆਧਾਰ ਤੇ ਹੋਵੇਗਾ (ਲੋੜ ਪੈਣ ਤੇ ਸੀਟਾਂ ਵਿੱਚ ਵਾਧਾ ਕੀਤਾ ਜਾ ਸਕਦਾ ਹੈ)

# DEPARTMENT OF COMMERCE

## B.Com. (Three Year Course) Semester System {60 Seats}

The admission in B.Com. Part-I shall be open to a student who produces the following certificates to the principal of the college.

(i) of having passed +2 examination of Punjab School Education Board or any other equivalent examination.

a) 40% marks in the aggregate in case of students who passed 10+2 commerce group.

or

b) 45% marks in the aggregate in case of students who have passed 10+2 in Humanities group with at least two out of commerce/Accounts/Math/Economics management papers.

c) 50% marks in the aggregate in case of students who have passed 10+2 but not covered under (a) and (b) above.

d) Students who opt for any one of the following vocational subjects, should have passed with atleast 50% examination from Punjab school Education Board or any other examination recognized thereto.

1. Office Management and Secretarial Practice.
2. Principles and Practice of Insurance.
3. Tax procedure and practice.

A candidate must complete and pass the whole course of three years within a maximum of five years from the date of admission in B.Com first semester.

ਬੀ.ਕਾਮ. ਪਹਿਲਾ ਦੇ ਸਾਰੇ ਵਿਦਿਆਰਥੀ ਦੂਜੇ ਸਮੈਸਟਰ ਵਿੱਚ Drug Abuse, Problem, Management & Prevention ਦਾ ਵਿਸ਼ਾ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਨਗੇ।

ਬੀ.ਕਾਮ. ਭਾਗ ਦੂਜਾ ਦੇ ਸਾਰੇ ਵਿਦਿਆਰਥੀ ਤੀਜੇ ਸਮੈਸਟਰ ਵਿੱਚ Environmental and Road Safety Awareness ਦਾ ਵਿਸ਼ਾ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਨਗੇ।

## M.Com. (Two Year Course) Semester System {30 Seats}

1. The examination for the degree of Master of Commerce shall be held in two parts to be called M.Com Part-I and M.Com Part-II. Each part shall consist of two semesters viz. Semester 1st and 2nd in Part-I and Semester 3rd and 4th in Part-II. The examination shall be held in the months of November/December for 1st and 3rd Semester and April/May for 2nd and 4th Semester or on such other dates as may be fixed by the University.
2. The M.Com Part-I shall be open to a candidate who has passed B.Com, B.B.A., B.M.I.T., B.Com (Professional) and Bachelor of Accounting & Finance examinations with at least 50% marks in the aggregate from this University or any other University recognized as equivalent thereto by the Academic Council.
3. The Assessment in each semester of M.Com course will be 30% internal and 70% external for each written paper. The result of the Internal Assessment shall be conveyed to the students/examination branch by the Head of the Department according to prescribed schedule.



## DEPARTMENT OF COMPUTER SCIENCE & APPLICATION

### B.C.A. (Bachelor of Computer Application {40 Seats}

(Three year Degree Course in Computer Application)

1) A candidate will be eligible to join 1st semester of B.C.A. Course if he/she has passed 10+2 examination of P.S.E.B Mohali or any other examination recognised as equivalent.

2) To qualify for admission to 2nd year of the course the candidate must have passed 50% of total papers of the two semesters of 1st year. Similarly to qualify for admission to 3rd year of the course the candidate should have passed 50% of total papers of four semesters.

3. The medium of instructions and examination will be english except for the Punjabi papers.

ਬੀ.ਸੀ.ਏ. ਭਾਗ ਪਹਿਲਾ ਦੇ ਸਾਰੇ ਵਿਦਿਆਰਥੀ ਦੂਜੇ ਸਮੈਸਟਰ ਵਿੱਚ **Drug Abuse, Problem, Management & Prevention** ਦਾ ਵਿਸ਼ਾ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਨਗੇ।

ਬੀ.ਸੀ.ਏ. ਭਾਗ ਦੂਜਾ ਦੇ ਸਾਰੇ ਵਿਦਿਆਰਥੀ ਤੀਜੇ ਸਮੈਸਟਰ ਵਿੱਚ **Environmental and Road Safety Awareness** ਦਾ ਵਿਸ਼ਾ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਨਗੇ,।

### P.G.D.C.A. {30 Seats}

(One Year Diploma Course in Computer Application)

Post Graduate Diploma in computer application (P.G.D.C.A) Semester System.

A Candidate will be eligible to join 1st Semester of P.G.D.C.A. Course if He/She has passed B.A/B.C.A./B.Com and graduate in any other stream recognised equivalent. Medium of Examination will be English.

### M.Sc. (IT) {30 Seats}

(Two Year Course)

1) A Candidate will be eligible to join 1st semester of M.Sc (IT) course if He/ She has passed Graducation /P.G.D.C.A with 50% marks.

To qualify for admission to IInd year of the course the candidate must have passed 50% of total papers of the two semesters of 1st year.

### M.Sc. (IT) Lateral Entry

Eligibility : Only P.G.D.C.A passed students can join the course.

The students who get the admission in M.Sc. (IT) lateral Entry will have to pass the deficient papers if any.

## ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ , ਪਟਿਆਲਾ

ਡੀ.ਪੀ.ਆਈ. (ਕਾਲਜਾਂ) ਪੰਜਾਬ ਸਰਕਾਰ ਵੱਲੋਂ ਕੀਤੀਆਂ ਹਦਾਇਤਾਂ ਅਨੁਸਾਰ ਸੈਸ਼ਨ 2023-24 ਤੋਂ ਹੇਠ ਲਿਖੇ ਸਰਟੀਫਿਕੇਟ ਅਤੇ ਡਿਪਲੋਮਾ ਕੋਰਸ ਕਾਲਜ ਵਿੱਚ ਸ਼ੁਰੂ ਕੀਤੇ ਗਏ ਹਨ।

ਯੋਗਤਾ : ਘੱਟ ਤੋਂ ਘੱਟ ਯੋਗਤਾ - 10+2

ਇਨ੍ਹਾਂ ਕੋਰਸਾਂ ਵਿੱਚ ਵਿਦਿਆਰਥੀ ਕਾਲਜ ਵਿੱਚ ਗਰੈਜੂਏਸ਼ਨ ਅਤੇ ਪੋਸਟ ਗਰੈਜੂਏਸ਼ਨ ਦੇ ਦੌਰਾਨ ਵੀ ਦਾਖ਼ਲਾ ਲੈ ਸਕਦੇ ਹਨ।

### Certificate & Diploma Course

| | |
|---|---|
| Certificate Course in Accounting and Taxation (6 months) | Certificate / Diploma in Fashion Designing (6 months/ 1 Year) |

## GAZETTED HOLIDAYS

### 2024 ਦੌਰਾਨ ਪੰਜਾਬ ਸਰਕਾਰ ਦੀਆਂ ਗਜ਼ਟਿਡ ਛੁੱਟੀਆਂ ਦੀ ਸੂਚੀ

| | | |
|---|---|---|
| 1 . | ਪ੍ਰਕਾਸ਼ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 17 ਜਨਵਰੀ |
| 2 . | ਗਣਤੰਤਰ ਦਿਵਸ | 26 ਜਨਵਰੀ |
| 3 . | ਜਨਮ ਦਿਵਸ ਸ੍ਰੀ ਗੁਰੂ ਰਵਿਦਾਸ ਜੀ | 24 ਫਰਵਰੀ |
| 4 . | ਮਹਾ ਸ਼ਿਵਰਾਤਰੀ | 08 ਮਾਰਚ |
| 5 . | ਸ਼ਹੀਦੀ ਆਜ਼ਮ- ਏ- ਆਜ਼ਮ ਭਗਤ ਸਿੰਘ ਸੁਖਦੇਵ ਸਿੰਘ ਅਤੇ ਰਾਜਗੁਰੂ ਜੀ | 23 ਮਾਰਚ |
| 6 . | ਹੋਲੀ | 25 ਮਾਰਚ |
| 7 . | ਗੁੱਡ ਫਰਾਈਡੇ | 29 ਮਾਰਚ |
| 8 . | ਜਨਮ ਦਿਵਸ ਸ੍ਰੀ ਗੁਰੂ ਨਾਭਾ ਦਾਸ ਜੀ | 08 ਅਪ੍ਰੈਲ |
| 9 . | ਈਦ-ਉੱਲ ਫਿਤਰ | 11 ਅਪ੍ਰੈਲ |
| 10. | ਵਿਸਾਖੀ | 13 ਅਪ੍ਰੈਲ |
| 11. | ਜਨਮ ਦਿਵਸ ਡਾ. ਬੀ.ਆਰ. ਅੰਬੇਡਕਰ ਜੀ | 14 ਅਪ੍ਰੈਲ |
| 12. | ਰਾਮ ਨੌਮੀ | 17 ਅਪ੍ਰੈਲ |
| 13. | ਮਹਾਵੀਰ ਜੈਯੰਤੀ | 21 ਅਪ੍ਰੈਲ |
| 14. | ਮਈ ਦਿਵਸ | 01 ਮਈ |
| 15. | ਭਗਵਾਨ ਪਰਸ਼ੂ ਰਾਮ ਜੈਯੰਤੀ. | 10 ਮਈ |
| 16. | ਸ਼ਹੀਦੀ ਦਿਹਾੜਾ ਸ੍ਰੀ ਗੁਰੂ ਅਰਜਨ ਦੇਵ ਜੀ | 10 ਜੂਨ |
| 17. | ਈਦ-ਉੱਲ-ਜੂਹਾ (ਬਕਰੀਦ) | 17 ਜੂਨ |
| 18. | ਕਬੀਰ ਜੈਯੰਤੀ | 22 ਜੂਨ |
| 19. | ਸੁਤੰਤਰਤਾ ਦਿਵਸ | 15 ਅਗਸਤ |
| 20. | ਜਨਮ ਅਸ਼ਟਮੀ | 26 ਅਗਸਤ |
| 21. | ਜਨਮ ਦਿਵਸ ਮਹਾਤਮਾ ਗਾਂਧੀ ਜੀ | 02 ਅਕਤੂਬਰ |
| 22. | ਮਹਾਰਾਜ ਅਗਰਸੈਨ ਜੈਯੰਤੀ | 03 ਅਕਤੂਬਰ |
| 23. | ਦੁਸਹਿਰਾ | 12 ਅਕਤੂਬਰ |
| 24. | ਪ੍ਰਗਟ ਉਤਸਵ ਮਹਾਰਿਸ਼ੀ ਵਾਲਮੀਕਿ ਜੀ | 17 ਅਕਤੂਬਰ |
| 25. | ਦੀਵਾਲੀ | 31 ਅਕਤੂਬਰ |
| 26. | ਵਿਸ਼ਵਕਰਮਾ ਦਿਵਸ | 01 ਨਵੰਬਰ |
| 27. | ਗੁਰੂ ਨਾਨਕ ਦੇਵ ਜੀ ਜਨਮ ਦਿਹਾੜਾ | 15 ਨਵੰਬਰ |
| 28. | ਸ਼ਹੀਦੀ ਦਿਹਾੜਾ ਸ. ਕਰਤਾਰ ਸਿੰਘ ਸਰਾਭਾ ਜੀ | 16 ਨਵੰਬਰ |
| 29. | ਸ਼ਹੀਦੀ ਦਿਹਾੜਾ ਸ੍ਰੀ ਗੁਰੂ ਤੇਗ ਬਹਾਦਰ ਜੀ | 06 ਦਸੰਬਰ |
| 30. | ਕ੍ਰਿਸਮਿਸ ਦਿਵਸ | 25 ਦਸੰਬਰ |
| 31. | ਸ਼ਹੀਦੀ ਸਭਾ ਸ੍ਰੀ ਫਤਿਹਗੜ੍ਹ ਸਾਹਿਬ | 27 ਦਸੰਬਰ |

### 2024 ਦੌਰਾਨ ਹੋਣ ਵਾਲੀਆਂ ਰਾਖਵੀਆਂ ਛੁੱਟੀਆਂ ਦੀ ਸੂਚੀ (ਸਿਰਫ 2)

| | | |
|---|---|---|
| 1. | ਨਵਾਂ ਸਾਲ ਦਿਵਸ | 01 ਜਨਵਰੀ |
| 2. | ਲੋਹੜੀ | 13 ਜਨਵਰੀ |
| 3. | ਭਗਵਾਨ ਆਦਿ ਨਾਥ ਜੀ ਦਾ ਨਿਰਵਾਣ ਦਿਵਸ | 09 ਫਰਵਰੀ |
| 4. | ਬਸੰਤ ਪੰਚਮੀ/ਜਨਮ ਦਿਹਾੜਾ ਸਤਿਗੁਰੂ ਰਾਮ ਸਿੰਘ ਜੀ | 14 ਫਰਵਰੀ |
| 5. | ਅੰਤਰ-ਰਾਸ਼ਟਰੀ ਮਹਿਲਾ ਦਿਵਸ | 08 ਮਾਰਚ |
| 6. | ਹੌਲਾ-ਮੁਹੱਲਾ | 26 ਮਾਰਚ |
| 7. | ਬੁੱਧ ਪੂਰਨਿਮਾ | 23 ਮਈ |
| 8. | ਨਿਰਜਲਾ ਇਕਾਦਸ਼ੀ | 18 ਜੂਨ |
| 9. | ਮਹਾਰਾਜਾ ਰਣਜੀਤ ਸਿੰਘ ਜੀ ਦੀ ਬਰਸੀ | 29 ਜੂਨ |
| 10. | ਮੁਹੱਰਮ | 17 ਜੁਲਾਈ |
| 11. | ਸ਼ਹੀਦੀ ਦਿਹਾੜਾ ਸ. ਊਧਮ ਸਿੰਘ ਜੀ | 31 ਜੁਲਾਈ |
| 12. | ਪਹਿਲਾ ਪ੍ਰਕਾਸ਼ ਸ੍ਰੀ ਗ੍ਰੰਥ ਸਾਹਿਬ ਜੀ | 14 ਸਤੰਬਰ |
| 13. | ਜਨਮ ਦਿਵਸ ਬਾਬਾ ਜੀਵਨ ਸਿੰਘ ਜੀ | 05 ਸਤੰਬਰ |
| 14. | ਸੰਵਤਸਰੀ ਦਿਵਸ | 07 ਸਤੰਬਰ |
| 15. | ਸਾਰਾਗੜ੍ਹੀ ਦਿਵਸ | 12 ਸਤੰਬਰ |
| 16. | ਜਨਮ ਦਿਹਾੜਾ ਬਾਬਾ ਸ੍ਰੀ ਚੰਦ ਜੀ | 12 ਸਤੰਬਰ |
| 17. | ਜਨਮ ਦਿਵਸ ਪੈਗੰਬਰ ਮੁਹੰਮਦ ਸਾਹਿਬ | 16 ਸਤੰਬਰ |
| 18. | ਅਨੰਤ ਚਤੁਰਦਸ਼ੀ | 17 ਸਤੰਬਰ |
| 19. | ਜਨਮ ਦਿਵਸ ਸ. ਭਗਤ ਸਿੰਘ ਜੀ | 28 ਸਤੰਬਰ |
| 20. | ਜਨਮ ਦਿਹਾੜਾ ਬਾਬਾ ਬੰਦਾ ਸਿੰਘ ਜੀ ਬਹਾਦਰ | 16 ਅਕਤੂਬਰ |
| 21. | ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਾਮ ਦਾਸ ਸਾਹਿਬ ਜੀ | 19 ਅਕਤੂਬਰ |
| 22. | ਕਰਵਾ ਚੌਥ | 20 ਅਕਤੂਬਰ |
| 23. | ਨਵਾਂ ਪੰਜਾਬ ਦਿਵਸ | 01 ਨਵੰਬਰ |
| 24. | ਗੋਵਰਧਨ ਪੂਜਾ | 02 ਨਵੰਬਰ |
| 25. | ਗੁਰਗੱਦੀ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 03 ਨਵੰਬਰ |
| 26. | ਛੱਠ ਪੂਜਾ | 07 ਨਵੰਬਰ |
| 27. | ਜਨਮ ਦਿਵਸ ਸੰਤ ਨਾਮਦੇਵ ਜੀ | 12 ਨਵੰਬਰ |
| 28. | ਸ਼ਹੀਦੀ ਸਭਾ, ਸ੍ਰੀ ਫਤਿਹਗੜ੍ਹ ਸਾਹਿਬ | 25-26 ਦਸੰਬਰ |

# ਦਾਖ਼ਲੇ ਦੀ ਵਿਧੀ ਤੇ ਹਦਾਇਤਾਂ

ਕਾਲਜ ਪ੍ਰਾਸਪੈਕਟ ਵਿੱਚ ਨਿਰਧਾਰਿਤ ਦਾਖ਼ਲਾ ਫਾਰਮ ਲੈ ਕੇ ਵਿਦਿਆਰਥੀ ਖੁਦ ਦਾਖਲਾ ਫਾਰਮ ਭਰੇਗਾ। ਦਾਖ਼ਲਾ ਫਾਰਮ ਵਿੱਚ ਕਿਸੇ ਗਲਤੀ ਲਈ ਵਿਦਿਆਰਥੀ ਖੁਦ ਜ਼ਿੰਮੇਵਾਰ ਹੋਵੇਗਾ। ਇਸ ਫਾਰਮ ਲਈ ਹੇਠ ਲਿਖੇ ਸਰਟੀਫਿਕੇਟ ਜ਼ਰੂਰੀ ਹਨ :-

1. ਦਸਵੀਂ ਦਾ ਪਾਸ ਸਰਟੀਫ਼ਿਕੇਟ (ਜਿਸ ਤੇ ਜਨਮ ਮਿਤੀ ਹੋਵੇ।)
2. ਪਿਛਲੇ ਪਾਸ ਕੀਤੇ ਇਮਤਿਹਾਨ ਦਾ ਅਸਲ ਸਰਟੀਫ਼ਿਕੇਟ (ਨੰਬਰ ਕਾਰਡ ਦੀ ਫੋਟੋ ਕਾਪੀ)। (ਨਿਯਮਾਂ ਦੀ ਵਿਆਖ਼ਿਆ ਅਤੇ ਸੋਧ ਦਾ ਅਧਿਕਾਰ ਕਾਲਜ ਪ੍ਰਿੰਸੀਪਲ ਨੂੰ ਹੀ ਹੋਵੇਗਾ । ਦਾਖ਼ਲੇ ਦਾ ਅਧਿਕਾਰ ਪ੍ਰਿੰਸੀਪਲ ਸਾਹਿਬ ਕੋਲ ਰਾਖਵਾਂ ਹੈ) ?
3. ਪਾਸਪੋਰਟ ਸਾਈਜ਼ ਦੀਆਂ 3 ਫੋਟੋਆਂ।
4. ਕਿਸੇ ਹੋਰ ਯੂਨੀਵਰਸਿਟੀ ਤੋਂ ਤਬਦੀਲੀ ਉਪਰੰਤ ਅਸਲ ਮਾਈਗ੍ਰੇਸ਼ਨ ਸਰਟੀਫ਼ਿਕੇਟ।
5. ਮਾਤਾ-ਪਿਤਾ ਦੇ ਅਧਾਰ ਕਾਰਡ ਦੀ ਫੋਟੋ ਕਾਪੀ ।
6. ਵਿਦਿਆਰਥੀ ਦੇ ਅਧਾਰ ਕਾਰਡ ਦੀ ਫੋਟੋ ਕਾਪੀ।
7. ਵੋਟਰ/ਰਾਸ਼ਨ ਕਾਰਡ ਦੀ ਫੋਟੋ ਕਾਪੀ।
8. ਪਿਛਲੀ ਸੰਸਥਾ ਦੇ ਮੁਖੀ ਵੱਲੋਂ ਦਿੱਤਾ ਗਿਆ ਚਰਿੱਤਰ ਪ੍ਰਮਾਣ ਪੱਤਰ।
9. ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਬਿਨ੍ਹਾਂ 10+2 ਕਰਨ ਵਾਲੇ ਵਿਦਿਆਰਥੀ ਦਾ ਅਸਲੀ ਮਾਈਗ੍ਰੇਸ਼ਨ ਸਰਟੀਫ਼ਿਕੇਟ ।

ਜਿਹੜੇ ਵਿਦਿਆਰਥੀ ਅਨੁਸੂਚਿਤ ਜਾਤੀਆਂ/ਪਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਹਨ, ਉਨ੍ਹਾਂ ਲਈ ਨਿਮਨ ਦਸਤਾਵੇਜ਼ ਵੀ ਫਾਰਮ ਨਾਲ ਲਗਾਉਣੇ ਜ਼ਰੂਰੀ ਹਨ। (ਹਰੇਕ ਦਸਤਾਵੇਜ਼ ਦੀਆਂ ਤਿੰਨ ਕਾਪੀਆਂ) ਲਗਾਉਣੀਆਂ ਜ਼ਰੂਰੀ ਹਨ:

**ਕੇਵਲ ਵਜ਼ੀਫੇ ਦਾ ਲਾਭ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਲਈ**

ੳ. ਯੋਗ ਅਧਿਕਾਰੀ ਤੋਂ ਪ੍ਰਾਪਤ ਜਾਤੀ ਸਰਟੀਫਿਕੇਟ
ਅ. ਪਿਤਾ/ਸਰਪ੍ਰਸਤ ਵੱਲੋਂ ਆਮਦਨ ਸਰਟੀਫਿਕੇਟ
ੲ. ਬੈਂਕ ਦੀ ਕਾਪੀ ਅਤੇ ਆਈ.ਐਫ.ਐਸ.ਸੀ. ਕੋਡ ਸਮੇਤ ਫੋਟੋ ਕਾਪੀ।
ਸ. ਪੰਜਾਬ ਰਾਜ ਦਾ ਰਿਹਾਇਸ਼ੀ ਸਰਟੀਫਿਕੇਟ। (ਸਿਰਫ ਤਿੰਨ ਸਾਲ ਲਈ ਯੋਗ)

ਪੰਜਾਬ ਸਰਕਾਰ ਦੀਆਂ ਸਮੇਂ-ਸਮੇਂ ਸਿਰ ਦਿੱਤੀਆਂ ਹਦਾਇਤਾਂ ਦਾ ਇੰਨ-ਬਿੰਨ ਪਾਲਣ ਕਰਨਾ ਅਤਿ ਜ਼ਰੂਰੀ ਹੈ।

## ਹਦਾਇਤਾਂ :-

1. ਦਾਖ਼ਲੇ ਸਮੇਂ ਉਮੀਦਵਾਰ ਦਾ ਹਾਜ਼ਰ ਹੋਣਾ ਜ਼ਰੂਰੀ ਹੈ।
2. ਦਾਖ਼ਲਾ ਲੇਟ ਹੋਣ ਦੀ ਸੂਰਤ ਵਿੱਚ ਯੂਨੀਵਰਸਿਟੀ ਨਿਯਮਾਂ ਅਨੁਸਾਰ ਲੇਟ ਫ਼ੀਸ ਲਈ ਜਾਵੇਗੀ।
3. ਵਿਦਿਆਰਥੀ ਆਪਣਾ ਦਾਖ਼ਲਾ ਫਾਰਮ ਤੇ ਪ੍ਰੀਖਿਆ ਫਾਰਮ ਭਰਨ ਲਈ ਨਿੱਜੀ ਤੌਰ 'ਤੇ ਜ਼ਿੰਮੇਵਾਰ ਹੋਵੇਗਾ। ਇਨ੍ਹਾਂ ਵਿੱਚ ਹੋਣ ਵਾਲੀ ਕਿਸੇ ਵੀ ਗਲਤੀ ਲਈ ਵਿਦਿਆਰਥੀ ਖੁਦ ਜ਼ਿੰਮੇਵਾਰ ਹੋਵੇਗਾ।
4. ਯੂਨੀਵਰਸਿਟੀ ਦੇ ਇਮਤਿਹਾਨ ਲਈ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਹਾਜ਼ਰੀਆਂ ਪੂਰੀਆਂ ਹੋਣੀਆਂ ਜ਼ਰੂਰੀ ਹਨ।
5. ਯੂਨੀਵਰਸਿਟੀ ਵੱਲੋਂ ਰਜਿਸਟ੍ਰੇਸ਼ਨ ਹੋਣ ਤੋਂ ਪਹਿਲਾਂ ਦਾਖ਼ਲਾ ਆਰਜ਼ੀ ਸਮਝਿਆ ਜਾਵੇਗਾ।
6. ਕਿਸੇ ਵੀ ਕਿਸਮ ਨਾਲ ਪੇਪਰ ਦੇਣ ਲਈ ਅਯੋਗ ਹੋਣ ਦੀ ਸੂਰਤ ਵਿੱਚ ਕਾਲਜ ਜ਼ਿੰਮੇਵਾਰ ਨਹੀਂ ਹੋਵੇਗਾ ਅਤੇ ਦਾਖ਼ਲਾ ਰੱਦ ਕੀਤਾ ਜਾਵੇਗਾ।

# ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠਣ ਲਈ ਸ਼ਰਤਾਂ

1. ਪੰਜਾਬੀ ਯੂਨੀਵਰਸਿਟੀ ਦੀ ਸਾਲਾਨਾ ਪ੍ਰੀਖਿਆ ਵਿੱਚ ਬੈਠਣ ਲਈ ਹਰੇਕ ਵਿਦਿਆਰਥੀ ਨੂੰ ਕਾਲਜ ਵੱਲੋਂ ਕਰਵਾਈ ਗਈ ਘਰੇਲੂ ਪ੍ਰੀਖਿਆ ਵਿੱਚ ਕਿਸੇ ਇਕ ਵਿਸ਼ੇ ਨੂੰ ਛੱਡ ਕੇ ਬਾਕੀ ਸਾਰਿਆਂ ਦੇ ਕੁੱਲ ਜੋੜ ਦਾ 35% ਜਾਂ ਹਰ ਇੱਕ ਵਿਸ਼ੇ ਵਿੱਚੋਂ 25% ਨੰਬਰ ਲੈਣੇ ਜ਼ਰੂਰੀ ਹਨ।
2. ਜਿਹੜੇ ਵਿਦਿਆਰਥੀ ਕਿਸੇ ਖ਼ਾਸ ਮਜਬੂਰੀ ਕਾਰਨ ਘਰੇਲੂ ਪ੍ਰੀਖਿਆ ਨਾ ਦੇ ਸਕੇ ਹੋਣ ਜਾਂ ਇਸ ਦੀਆਂ ਸ਼ਰਤਾਂ ਪੂਰੀਆਂ ਨਾ ਕਰ ਸਕੇ ਹੋਣ, ਉਨ੍ਹਾਂ ਲਈ ਕਾਲਜ ਪ੍ਰਿੰਸੀਪਲ ਵੱਲੋਂ ਕਰਵਾਈ ਗਈ ਵਿਸ਼ੇਸ਼ ਪ੍ਰੀਖਿਆ ਦੇ ਕੁੱਲ ਨੰਬਰਾਂ ਵਿੱਚੋਂ 25 ਨੰਬਰ ਪ੍ਰਾਪਤ ਕਰਨੇ ਹੋਣਗੇ।
3. ਜਿਹੜਾ ਵਿਦਿਆਰਥੀ ਘਰੇਲੂ ਇਮਤਿਹਾਨ ਨਾ ਦੇ ਸਕਿਆ ਹੋਵੇ ਜਾਂ ਇਸ ਇਮਤਿਹਾਨ ਜਾਂ ਵਿਸ਼ੇਸ਼ ਟੈਸਟ ਦੀਆਂ ਸ਼ਰਤਾਂ ਪੂਰੀਆਂ ਨਾ ਕਰ ਸਕਿਆ ਹੋਵੇ, ਉਸ ਨੂੰ ਕਾਲਜ ਵੱਲੋਂ ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਹੋਵੇਗੀ।
4. ਪੰਜਾਬੀ ਯੂਨੀਵਰਸਿਟੀ ਦੇ ਸਾਲਾਨਾ ਇਮਤਿਹਾਨ ਵਿੱਚ ਬੈਠਣ ਲਈ, ਵਿਦਿਆਰਥੀਆਂ ਲਈ, ਹਰ ਜਮਾਤ ਦੇ ਹਰ ਵਿਸ਼ੇ ਦੀਆਂ ਕੁੱਲ ਹਾਜ਼ਰੀਆਂ ਵਿੱਚੋਂ 75% ਵਿੱਚ ਹਾਜ਼ਰ ਰਹਿਣਾ ਜ਼ਰੂਰੀ ਹੈ।
5. ਇਮਤਿਹਾਨ ਫਾਰਮ ਸਿਰਫ ਉਹਨਾਂ ਵਿਦਿਆਰਥੀਆਂ ਦੇ ਭੇਜੇ ਜਾਣਗੇ ਜਿਹੜੇ ਫਾਰਮ ਭੇਜਣ ਦੇ ਸਮੇਂ ਤੱਕ 75% ਹਾਜ਼ਰੀਆਂ ਪੂਰੀਆਂ ਕਰਦੇ ਹੋਣਗੇ।

**ਵਿਸ਼ਾ ਬਦਲਣਾ :-** ਵਿਦਿਆਰਥੀ ਆਪਣੇ ਦਾਖ਼ਲੇ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਵਿਸ਼ਾ ਬਦਲ ਸਕਦੇ ਹਨ। ਵਿਸ਼ਾ ਬਦਲਣ ਲਈ ਸਬੰਧਿਤ ਅਧਿਆਪਕ ਅਤੇ ਪ੍ਰਿੰਸੀਪਲ ਤੋਂ ਮਨਜ਼ੂਰੀ ਲੈਣੀ ਜ਼ਰੂਰੀ ਹੈ।

**ਵਜ਼ੀਫ਼ੇ : ਕਾਲਜ ਦੇ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਸਮੇਂ-ਸਮੇਂ ਹੇਠ ਲਿਖੇ ਵਜ਼ੀਫ਼ੇ ਦਿੱਤੇ ਜਾਂਦੇ ਹਨ :**

- ਪੱਛੜੀਆਂ ਸ਼੍ਰੇਣੀਆਂ ਅਤੇ ਅਨੁਸੂਚਿਤ ਜਾਤੀਆਂ ਲਈ
- ਹੋਣਹਾਰ ਵਿਦਿਆਰਥੀਆਂ ਲਈ।
- ਫੌਜੀਆਂ ਦੇ ਬੱਚਿਆਂ ਲਈ।
- ਸੁਤੰਤਰਤਾ ਸੰਗਰਾਮੀਆਂ ਦੇ ਬੱਚਿਆਂ ਲਈ।
- ਸਾਬਕਾ ਫੌਜੀਆਂ ਦੇ ਬੱਚਿਆਂ ਲਈ।
- ਅਪਾਹਜ ਵਿਦਿਆਰਥੀਆਂ ਲਈ ਜੋ ਗਰੀਬ ਹੋਣ।
- ਘੱਟ ਗਿਣਤੀ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ।

# ਰਾਖਵਾਂਕਰਨ ਸੰਬੰਧੀ

ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੀ ਰਾਖਵੇਂਕਰਨ ਦੀ ਨੀਤੀ ਅਨੁਸਾਰ ਦਾਖ਼ਲਿਆਂ ਵਿੱਚ ਰਾਖਵਾਂਕਰਨ ਲਾਗੂ ਹੋਵੇਗਾ।

ਰਾਖਵਾਂਕਰਨ ਹੇਠ ਲਿਖੇ ਅਨੁਸਾਰ ਹੋਵੇਗਾ :

ਸੀਟਾਂ ਉਪਰ ਦਾਖ਼ਲੇ ਲਈ ਸੰਬੰਧਤ ਕੈਟਾਗਰੀ ਦੇ ਸਰਟੀਫ਼ਿਕੇਟ ਦੀ ਤਸਦੀਕ ਸੁਦਾ ਕਾਪੀ ਲਗਾਉਣੀ ਜ਼ਰੂਰੀ ਹੈ।

1. ਅਨੁਸੂਚਿਤ ਜਾਤੀਆਂ ਲਈ 25%
2. ਪਛੜੀਆਂ ਸ਼੍ਰੇਣੀਆਂ ਲਈ 10%
3. ਖਿਡਾਰੀਆਂ ਲਈ 2%
4. ਆਰਮਡ ਫੋਰਸ/ਸੀ.ਆਰ. ਪੀ.ਐਫ/ ਬੀ.ਐਸ.ਐਫ ਵਿੱਚ ਕੰਮ ਕਰ ਰਹੇ, ਸੇਵਾ ਮੁਕਤ ਜਾਂ ਸੇਵਾ ਦੌਰਾਨ ਸਵਰਗਵਾਸ ਹੋਏ ਅਫ਼ਸਰ/ਕਰਮਚਾਰੀਆਂ/ਦੰਗਾ/ਅੱਤਵਾਦ ਪੀੜਤ ਸੁਤੰਤਰ ਸੰਗਰਾਮੀਆਂ ਦੇ ਬੱਚਿਆਂ ਲਈ 2%
5. ਅਪੰਗ ਵਿਦਿਆਰਥੀਆਂ ਲਈ 3%
6. ਅਧਿਆਪਕ ਸਿੱਖਿਆ ਵਿਭਾਗ ਦੇ ਕਰਮਚਾਰੀਆਂ ਦੇ ਬੱਚਿਆਂ ਲਈ 2%
7. ਪੇਂਡੂ ਏਰੀਆ ਵਾਧੂ ਸੀਟਾਂ 10%
8. ਸਿੰਗਲ ਗਰਲ ਚਾਈਲਡ (ਵਾਧੂ ਸੀਟਾਂ) 1 ਸੀਟ
9. ਪੰਜਾਬੀ ਯੂਨੀਵਰਸਿਟੀ ਦੇ ਪੱਤਰ ਯਵ/1064-1136 ਮਿਤੀ 17-07 2001 ਦੇ ਅਨੁਸਾਰ ਯੂਨੀਵਰਸਿਟੀ ਯੁਵਕ ਮੇਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਵੱਲੋਂ ਗਠਿਤ ਕਮੇਟੀ ਦੀ ਸਿਫਾਰਸ਼ ਤੇ ਨਿਯਮਾਂ ਅਨੁਸਾਰ ਵਾਧੂ ਸੀਟਾਂ ਤੇ ਦਾਖ਼ਲਾ ਦਿੱਤਾ ਜਾਵੇਗਾ। ਸੱਭਿਅਚਾਰਕ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਰਿਜਰਵੇਸ਼ਨ ਪੰਜਾਬ ਸਰਕਾਰ ਦੇ ਪੱਤਰ ਨੰ: 08/12/2024 ਮਿ: 7066 ਮਿਤੀ 26/03 /2003 ਦੇ ਅਨੁਸਾਰ ਹੋਵੇਗੀ।
10. ਕਸ਼ਮੀਰੀ ਪੰਡਤਾਂ ਲਈ 10%

ਜੇ ਪੰਜਾਬ ਸਰਕਾਰ/ਯੂਨੀਵਰਸਿਟੀ ਵੱਲੋਂ ਦਾਖ਼ਲਾ ਰਾਖਵਾਂਕਰਨ ਵਿੱਚ ਕਿਸੇ ਕਿਸਮ ਦੀ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਉਸ ਦੀ ਪਾਲਣਾ ਕੀਤੀ ਜਾਵੇਗੀ।

## AWARD OF GOVERNMENT OF INDIA POST MATRIC SCHOLARSHIP TO THE SCHEDULED CASTE STUDENTS

(i) In accordance with the provision (ii) of the Govt. of India, under the Post-Matric Scholarship Scheme and Scholarships are awarded to SC Students and Minority Classes (Sikh, Muslim and Christian)

### ਸੰਤ ਬਾਬਾ ਬਲਵੰਤ ਸਿੰਘ ਯਾਦਗਾਰੀ ਵਜ਼ੀਫ਼ਾ

ਬਿਨ੍ਹਾਂ ਲੇਟ ਫੀਸ ਮਿਤੀ ਤੱਕ ਦਾਖ਼ਲ ਹੋਏ ਬੀ.ਏ. ਭਾਗ ਪਹਿਲਾ/ਬੀ.ਸੀ.ਏ ਭਾਗ ਪਹਿਲਾ/ ਬੀ.ਕਾਮ ਭਾਗ ਪਹਿਲਾ ਦੇ 90% ਤੋਂ ਵੱਧ ਅੰਕਾਂ ਵਾਲੇ ਵਿਦਿਆਰਥੀਆਂ ਦੀ ਯੂਨੀਵਰਸਿਟੀ ਫ਼ੀਸ ਤੋਂ ਬਿਨ੍ਹਾਂ ਸਾਰੀ ਫ਼ੀਸ ਉਪਰੋਕਤ ਵਜ਼ੀਫ਼ੇ ਤਹਿਤ ਮੁਆਫ਼ ਕੀਤੀ ਜਾਵੇਗੀ।

### ਗਿਆਨੀ ਬਾਬੂ ਸਿੰਘ ਯਾਦਗਾਰੀ ਵਜ਼ੀਫ਼ਾ

ਕਾਲਜ ਦੇ ਸਾਬਕਾ ਜਨਰਲ ਸਕੱਤਰ ਸਵ: ਗਿਆਨੀ ਬਾਬੂ ਸਿੰਘ ਜੀ ਦੀ ਯਾਦ ਵਿੱਚ ਆਰਥਿਕ ਤੌਰ ਤੇ ਕਮਜ਼ੋਰ ਵਿਦਿਆਰਥੀਆਂ ਨੂੰ ਬਿਹੰਗਮ ਜੱਥਾ ਬਾਲੇਵਾਲ-ਭੋਗੀਵਾਲ ਵਲੋਂ ਵਜ਼ੀਫ਼ਾ ਦਿੱਤਾ ਜਾਵੇਗਾ।

### ਫ਼ੀਸ ਦੀ ਰਿਆਇਤ ਅਤੇ ਹੋਰ ਸਹੂਲਤਾਂ

ਕਾਲਜ ਵਿੱਚ ਹਰ ਸ਼੍ਰੇਣੀ ਦੇ ਵਿਦਿਆਰਥੀਆਂ ਵਿੱਚੋਂ 10 ਵਿਦਿਆਰਥੀਆਂ ਦੀ ਅੱਧੀ ਟਿਊਸ਼ਨ ਫ਼ੀਸ ਮੁਆਫ਼ ਕੀਤੀ ਜਾਂਦੀ ਹੈ। ਲੋੜਵੰਦ ਅਤੇ ਯੋਗ ਵਿਦਿਆਰਥੀਆਂ ਨੂੰ ਵਿਦਿਆਰਥੀ ਸਹਾਇਤਾ ਫੰਡ ਵਿੱਚੋਂ ਪੁਸਤਕਾਂ ਦੇ ਰੂਪ ਵਿੱਚ ਜਾਂ ਫ਼ੀਸ ਮੁਆਫ਼ੀ ਆਦਿ ਕਈ ਤਰ੍ਹਾਂ ਦੇ ਰੂਪ ਵਿੱਚ ਮਦਦ ਕੀਤੀ ਜਾਂਦੀ ਹੈ।

### ਫ਼ੀਸ ਮੁਆਫ਼ੀ ਲਈ ਨਿਯਮ

1. ਜਿੰਨ੍ਹਾਂ ਵਿਦਿਆਰਥੀਆਂ ਨੇ ਫ਼ੀਸ ਮੁਆਫ਼ੀ ਲਈ ਅਰਜ਼ੀਆਂ ਭੇਜੀਆਂ ਹੋਣ, ਉਹਨਾਂ ਨੂੰ ਫ਼ੀਸ ਮੁਆਫ਼ੀ ਕਮੇਟੀ ਕੋਲ ਇੰਟਰਵਿਊ ਲਈ ਪੇਸ਼ ਹੋਣਾ ਪਵੇਗਾ।
2. ਜੇਕਰ ਵਿਦਿਆਰਥੀ ਗੈਰ-ਹਾਜ਼ਰ ਹੋਵੇ ਜਾਂ ਘਰੇਲੂ ਪ੍ਰੀਖਿਆ ਵਿੱਚ 35% ਅੰਕ ਨਾ ਪ੍ਰਾਪਤ ਕਰ ਸਕੇ ਜਾਂ ਬੁਰੇ ਵਤੀਰੇ ਕਾਰਨ ਕਸੂਰਵਾਰ ਠਹਿਰਾਇਆ ਗਿਆ ਹੋਵੇ ਤਾਂ ਉਸਦੀ ਫ਼ੀਸ ਮੁਆਫ਼ੀ ਦੀਆਂ ਰਿਆਇਤਾਂ ਵਾਪਸ ਲਈਆਂ ਜਾ ਸਕਦੀਆਂ ਹਨ।
3. ਫ਼ੀਸ ਅਤੇ ਵਜ਼ੀਫੇ ਦੀ ਰਿਆਇਤ ਪ੍ਰਾਪਤ ਕਰਨ ਵਾਲਾ ਵਿਦਿਆਰਥੀ, ਜੇ ਯੂਨੀਵਰਸਿਟੀ ਪ੍ਰੀਖਿਆ ਦੇਣ ਤੋਂ ਪਹਿਲਾਂ ਹੀ ਕਾਲਜ ਛੱਡ ਜਾਂਦਾ ਹੈ ਤਾਂ ਉਸ ਵਿਦਿਆਰਥੀ ਕੋਲੋਂ ਫ਼ੀਸ ਰਿਆਇਤ ਜਾਂ ਵਜ਼ੀਫ਼ੇ ਦੀ ਸਾਰੀ ਰਕਮ ਵਾਪਸ ਲੈ ਲਈ ਜਾਵੇਗੀ।

### ਛੁੱਟੀ

1. ਅਚਾਨਕ ਬੀਮਾਰ ਜਾਂ ਦੁਰਘਟਨਾ ਕਾਰਣ ਛੁੱਟੀ / ਗੈਰ-ਹਾਜ਼ਰ ਹੋਣ ਤੇ 2 ਦਿਨਾਂ ਦੇ ਅੰਦਰ ਲੈਣੀ ਜ਼ਰੂਰੀ ਹੈ।
2. ਆਮ ਦਿਨਾਂ ਵਿੱਚ ਛੁੱਟੀ ਗੈਰ-ਹਾਜ਼ਰ ਹੋਣ ਤੋਂ ਪਹਿਲਾਂ ਲੈਣੀ ਜ਼ਰੂਰੀ ਹੈ।
3. ਨਿਗਰਾਨ ਜਾਂ ਪਿਤਾ ਦੀ ਤਸਦੀਕ ਤੋਂ ਬਿਨਾਂ ਛੁੱਟੀ ਮਨਜ਼ੂਰ ਨਹੀਂ ਹੋਵੇਗੀ।
4. ਜਿਹੜਾ ਵਿਦਿਆਰਥੀ 10 ਦਿਨ ਲਗਾਤਾਰ ਗੈਰ-ਹਾਜ਼ਰ ਰਹਿੰਦਾ ਹੈ ਅਤੇ ਛੁੱਟੀ ਵੀ ਨਹੀਂ ਲੈਂਦਾ, ਉਸ ਦਾ ਕਾਲਜ ਵਿੱਚੋਂ ਨਾਂ ਕੱਟ ਦਿੱਤਾ ਜਾਵੇਗਾ।
5. ਬੀਮਾਰੀ ਸੰਬੰਧੀ ਛੁੱਟੀ ਦੀ ਅਰਜ਼ੀ ਨਾਲ ਉਚਿਤ ਡਾਕਟਰੀ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ।

# ਫ਼ੀਸ ਦੀ ਅਦਾਇਗੀ ਸੰਬੰਧੀ ਨਿਯਮ

## ਕਲਾਸਾਂ ਦੀ ਕੁੱਲ ਫ਼ੀਸ

| ਕਲਾਸਾਂ | ਕੁੱਲ ਫ਼ੀਸ | ਪਹਿਲੀ ਕਿਸ਼ਤ | ਦੂਜੀ ਕਿਸ਼ਤ |
|---|---|---|---|
| B.A. I | 13,900/- | 8,340/- | 5,560/- |
| B.A. II | 14,800/- | 8,880/- | 5,920/- |
| B.A. III | 14,800/- | 8,880/- | 5,920/- |

| ਕਲਾਸਾਂ | ਕੁੱਲ ਫ਼ੀਸ | ਪਹਿਲੀ ਕਿਸ਼ਤ | ਦੂਜੀ ਕਿਸ਼ਤ |
|---|---|---|---|
| B.C.A. I | 21,200/- | 12,720/- | 8,480/- |
| B.C.A. II | 23,500/- | 14,100/- | 9,400/- |
| B.C.A. III | 23,500/- | 14,100/- | 9,400/- |

| ਕਲਾਸਾਂ | ਕੁੱਲ ਫ਼ੀਸ | ਪਹਿਲੀ ਕਿਸ਼ਤ | ਦੂਜੀ ਕਿਸ਼ਤ |
|---|---|---|---|
| B.Com I | 14,700/ | 8,820/- | 5,880/- |
| B.Com II | 15,700/- | 9,420/- | 6,280/- |
| B.Com III | 15,700/- | 9,420/- | 6,280/- |

| ਕਲਾਸਾਂ | ਕੁੱਲ ਫ਼ੀਸ | ਪਹਿਲੀ ਕਿਸ਼ਤ | ਦੂਜੀ ਕਿਸ਼ਤ |
|---|---|---|---|
| P.G.D.C.A. | 16,900/- | 10,140/- | 6,760/- |
| M.Sc. (IT) I | 23,200/- | 13,920/- | 9,280/- |
| M.Sc. (IT) II | 23,100/- | 13,880/- | 9,240/- |
| M.Sc. IT (LE) | 24,500/- | 14,700/- | 9,800/- |

| ਕਲਾਸਾਂ | ਕੁੱਲ ਫ਼ੀਸ | ਪਹਿਲੀ ਕਿਸ਼ਤ | ਦੂਜੀ ਕਿਸ਼ਤ |
|---|---|---|---|
| M.A. Pbi. I | 16,900/- | 10,140/- | 6,760/- |
| M.A. Pbi. II | 16,100/- | 9,660/- | 6,440/- |

1. ਪ੍ਰੀਖਿਆ ਫ਼ੀਸ :- ਹਰ ਸਮੈਸਟਰ ਦੀ ਪ੍ਰੀਖਿਆ ਫ਼ੀਸ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਲਈ ਜਾਵੇਗੀ।
2. ਰੈਗੂਲਰ ਕਲਾਸਾਂ ਮਿਤੀ 01-08-2024 ਤੋਂ ਸ਼ੁਰੂ ਹਨ।
3. ਫ਼ੀਸ ਲੇਟ ਜਮ੍ਹਾਂ ਕਰਵਾਉਣ ਵਾਲੇ ਨੂੰ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਜੁਰਮਾਨਾ ਲਗਾਇਆ ਜਾਵੇਗਾ।
4. ਪ੍ਰੈਕਟੀਕਲ ਵਿਸ਼ਿਆਂ ਦੀ ਫ਼ੀਸ ਇਸ ਤੋਂ ਵੱਖਰੇ ਤੌਰ 'ਤੇ ਯੂਨੀਵਰਸਿਟੀ ਨਿਯਮਾਂ ਅਨੁਸਾਰ ਲਈ ਜਾਵੇਗੀ।

**ਵਿਸ਼ੇਸ਼ ਨੋਟ (ਐਂਟਰੀ ਪੁਆਇੰਟ) :**

1. ਉਹ ਵਿਦਿਆਰਥੀ ਜਿਨ੍ਹਾਂ ਨੇ 12ਵੀਂ ਜਮਾਤ ਪੰਜਾਬ ਬੋਰਡ, ਹਰਿਆਣਾ ਬੋਰਡ ਅਤੇ ਹਿਮਾਚਲ ਬੋਰਡ ਤੋਂ ਬਿਨ੍ਹਾਂ ਕਿਸੇ ਹੋਰ ਬੋਰਡ ਤੋਂ ਪਾਸ ਕੀਤੀ ਹੈ ਉਨ੍ਹਾਂ ਵਿਦਿਆਰਥੀਆਂ ਤੋਂ 170/- ਰੁਪਏ ਯੂਨੀਵਰਸਿਟੀ ਮਾਈਗ੍ਰੇਸ਼ਨ ਫੀਸ ਲਈ ਜਾਵੇਗੀ।
2. ਜਿਹੜੇ ਵਿਦਿਆਰਥੀ ਜਨਰਲ ਅਤੇ ਹੋਰ ਪਿਛੜੀਆਂ ਸ਼ੇਣੀਆਂ (OBC) ਨਾਲ ਸੰਬੰਧਤ ਹਨ ਉਨ੍ਹਾਂ ਤੋਂ 170/- ਰੁਪਏ ਅਤੇ ਅਨੁਸੂਚਿਤ ਜਾਤੀ (SC) ਉਨ੍ਹਾਂ ਤੋਂ 110/- ਰੁਪਏ ਆਨਲਾਇਨ ਦਾਖ਼ਲਾ ਫੀਸ ਲਈ ਜਾਵੇਗੀ।

# ਕਾਲਜ ਦੀਆਂ ਗਤੀਵਿਧੀਆਂ (ਸਾਲ 2023-24)



ਪੰਜਾਬੀ ਯੂਨਿਵਰਸਿਟੀ ਪਟਿਆਲਾ ਦੇ ਅੰਤਰ-ਖੇਤਰੀ ਯੁਵਕ ਮੇਲੇ ਵਿੱਚੋਂ ਸਕਿੱਟ ਦੇ ਮੁਕਾਬਲਿਆਂ ਵਿੱਚੋਂ ਜੇਤੂ ਟੀਮ ਅਤੇ ਸਟਾਫ਼ ਮੈਂਬਰ



ਗਣਤੰਤਰ ਦਿਵਸ ਦੇ ਮੌਕੇ 'ਤੇ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਦੇ ਹੋਏ ਕਾਲਜ ਪ੍ਰਬੰਧਕ




ਨਹਿਰੂ ਯੁਵਾ ਕੇਂਦਰ ਵੱਲੋਂ ਆਯੋਜਿਤ ਜ਼ਿਲ੍ਹਾ ਪੱਧਰੀ ਯੁਵਕ ਮੇਲੇ ਵਿੱਚ ਭਾਗ ਲੈ ਰਹੇ ਵਿਦਿਆਰਥੀਆਂ ਦੀ ਤਸਵੀਰ



ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਭਾਸ਼ਣ ਮੁਕਾਬਲਿਆਂ 'ਚ ਭਾਗ ਲੈਣ ਵਾਲੇ ਵਿਦਿਆਰਥੀਆਂ ਦਾ ਸਨਮਾਨ ਕਰਦੇ ਹੋਏ ਕਾਲਜ ਸਟਾਫ਼



ਕਾਲਜ ਦੇ ਸਲਾਨਾ ਸਹਿਜ ਪਾਠ ਦੇ ਭੋਗ ਸਮੇਂ ਕੀਰਤਨ ਕਰਦੇ ਹੋਏ ਵਿਦਿਆਰਥੀ



ਮਾਤ ਭਾਸ਼ਾ ਦਿਵਸ ਦੇ ਮੌਕੇ ਲੇਖਕ ਬਲਵੰਤ ਫਰਵਾਲੀ ਨੂੰ ਸਨਮਾਨਿਤ ਕਰਦੇ ਹੋਏ ਕਾਲਜ ਪ੍ਰਬੰਧਕ ਅਤੇ ਸਟਾਫ਼

# ਇਨਾਮ

ਹੋਣਹਾਰ ਵਿਦਿਆਰਥੀ ਜੋ ਯੂਨੀਵਰਸਿਟੀ ਪੱਧਰ ਤੇ ਗਤੀਵਿਧੀਆਂ ਵਿੱਚ ਇਨਾਮ ਪ੍ਰਾਪਤ ਕਰਦੇ ਹਨ। ਕਾਲਜ ਉਹਨਾਂ ਨੂੰ ਹਰ ਵਰ੍ਹੇ ਸਾਲਾਨਾ ਇਨਾਮ ਵੰਡ ਸਮਾਰੋਹ ਵਿੱਚ ਸਨਮਾਨ ਚਿੰਨ੍ਹ ਦਿੰਦਾ ਹੈ। ਇਹ ਸਨਮਾਨ ਚਿੰਨ੍ਹ ਪੜ੍ਹਾਈ, ਖੇਡਾਂ, ਸੱਭਿਆਚਾਰ ਅਤੇ ਧਾਰਮਿਕ ਗਤੀਵਿਧੀਆਂ ਵਿੱਚ ਦਿੱਤੇ ਜਾਂਦੇ ਹਨ।

## ਕਾਲਜ ਸਬੰਧੀ ਕੁੱਝ ਜ਼ਰੂਰੀ ਨਿਯਮ

1. ਸਾਰੇ ਵਿਦਿਆਰਥੀਆਂ ਨੂੰ ਹਰ ਰੋਜ਼ ਨੋਟਿਸ ਬੋਰਡ ਦੇਖਣਾ ਹੋਵੇਗਾ।
2. ਕਾਲਜ ਇੱਕ ਕੌਮੀ ਜਾਇਦਾਦ ਹੈ ਇਸ ਦੀ ਸੰਭਾਲ ਰੱਖਣ ਦੀ ਜ਼ਿੰਮੇਵਾਰੀ ਵਿਦਿਆਰਥੀਆਂ ਦੀ ਹੈ। ਕਾਲਜ ਨੂੰ ਕੀਤਾ ਗਿਆ ਕਿਸੇ ਤਰ੍ਹਾਂ ਦਾ ਨੁਕਸਾਨ ਕਿਸੇ ਵੀ ਹਾਲਤ ਵਿੱਚ ਮੁਆਫ਼ ਨਹੀਂ ਕੀਤਾ ਜਾਵੇਗਾ।
3. ਕਾਲਜ ਦੇ ਸਮਾਰੋਹਾਂ, ਸਾਲਾਨਾ ਖੇਡਾਂ, ਜਨਰਲ ਮੀਟਿੰਗਾਂ ਅਤੇ ਸਾਰੀਆਂ ਗਤੀਵਧੀਆਂ ਤੇ ਹਰ ਇੱਕ ਵਿਦਿਆਰਥੀ ਦਾ ਹਾਜ਼ਰ ਹੋਣਾ ਜ਼ਰੂਰੀ ਹੈ।
4. ਕਲਾਸਾਂ ਦੇ ਨੇੜੇ ਜਾਂ ਕਾਲਜ ਵਿੱਚ ਮੋਟਰ ਸਾਇਕਲ ਅਤੇ ਸਕੂਟਰ ਆਦਿ ਚਲਾਉਣਾ ਜਾਂ ਫ਼ੋਨ ਦੀ ਵਰਤੋਂ ਕਰਨਾ ਮਨ੍ਹਾ ਹੈ। ਇਸ ਨਿਯਮ ਦੀ ਉਲੰਘਣਾ ਕਰਨ ਵਾਲੇ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ।
5. ਵਿਦਿਆਰਥੀਆਂ ਨੂੰ ਅਧਿਆਪਕਾਂ ਦਾ ਉੱਚਿਤ ਸਨਮਾਨ ਕਰਨਾ ਚਾਹੀਦਾ ਹੈ ਅਤੇ ਉਹਨਾਂ ਵੱਲੋਂ ਦਿੱਤੇ ਨਿਰਦੇਸ਼ ਪੂਰੀ ਵਫ਼ਾਦਾਰੀ ਨਾਲ ਨਿਭਾਉਣੇ ਚਾਹੀਦੇ ਹਨ।
6. ਕਾਲਜ ਕੈਂਪਸ ਦੇ ਅੰਦਰ ਅਤੇ ਬਾਹਰ ਸਿਗਰਟ, ਸ਼ਰਾਬ ਅਤੇ ਦੂਜੀਆਂ ਨਸ਼ੀਲੀਆਂ ਵਸਤੂਆਂ ਦੀ ਮਨਾਹੀ ਹੈ। ਜੇਕਰ ਕੋਈ ਵਿਦਿਆਰਥੀ ਨਸ਼ਾ ਕਰਕੇ ਆਵੇਗਾ, ਉਸਦਾ ਕਾਲਜ 'ਚੋ ਦਾਖ਼ਲਾ ਰੱਦ ਕੀਤਾ ਜਾਵੇਗਾ।
7. ਵਿਦਿਆਰਥੀ ਲੜਾਈ ਝਗੜੇ ਤੋਂ ਦੂਰ ਰਹਿਣ ਅਤੇ ਕਿਸੇ ਹਾਲਤ 'ਚ ਕਾਨੂੰਨ ਆਪਣੇ ਹੱਥ ਵਿੱਚ ਨਾ ਲੈਣ। ਕਿਸੇ ਝਗੜੇ ਦੀ ਹਾਲਤ ਵਿੱਚ ਤੁਰੰਤ ਪ੍ਰਿੰਸੀਪਲ ਕੋਲ ਲਿਖਤੀ ਰੂਪ ਵਿੱਚ ਸ਼ਿਕਾਇਤ ਕੀਤੀ ਜਾਵੇ।
8. ਕਿਸੇ ਵਿਦਿਆਰਥੀ ਨੂੰ ਆਪਣੇ ਨਾਲ ਕਾਲਜ ਵਿੱਚ ਕਿਸੇ ਗੈਰ ਵਿਦਿਆਰਥੀ ਨੂੰ ਲਿਆਉਣ ਦੀ ਆਗਿਆ ਨਹੀਂ ਹੈ।
9. ਵਿਦਿਆਰਥੀਆਂ ਵੱਲੋਂ ਆਪਣਾ ਸਕੂਟਰ/ਮੋਟਰ ਸਾਇਕਲ ਨਿਸ਼ਚਿਤ ਕੀਤੇ ਸਟੈਂਡ ਤੇ ਹੀ ਖੜ੍ਹਾ ਕਰਨਾ ਜ਼ਰੂਰੀ ਹੈ।

## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਰੋਕਣ ਲਈ ਅਤੇ ਉਹਨਾਂ ਦੇ ਮਾਰਗ ਦਰਸ਼ਨ ਲਈ ਕਾਲਜ ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਯੂਨਿਟ ਸਥਾਪਿਤ ਕੀਤਾ ਗਿਆ ਹੈ। ਇਹ ਯੂਨਿਟ ਕਾਲਜ ਵਿੱਚ ਨਿਰੋਲ ਧਾਰਮਿਕ ਗਤੀਵਿਧੀਆਂ ਕਰਵਾਉਂਦਾ ਹੈ। ਕੋਈ ਵੀ ਵਿਦਿਆਰਥੀ ਇਸਦਾ ਮੈਂਬਰ ਬਣ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਇਸ ਯੂਨਿਟ ਵੱਲੋਂ ਮਨਾਏ ਜਾਂਦੇ ਹਨ। ਨੈਤਿਕ ਸਿੱਖਿਆ ਇਮਤਿਹਾਨ ਅਤੇ ਸ਼ਖ਼ਸੀਅਤ ਉਸਾਰੀ ਕੈਂਪ ਇਸ ਯੂਨਿਟ ਵੱਲੋਂ ਲਗਾਏ ਜਾਂਦੇ ਹਨ।

## ਕੈਰੀਅਰ ਐਂਡ ਕੌਂਸਲਿੰਗ ਸੈੱਲ/ਪਲੇਸਮੈਂਟ ਸੈੱਲ

ਯੂਨੀਵਰਸਿਟੀ ਸਿਲੇਬਸ ਦੀ ਪੜ੍ਹਾਈ ਦੇ ਨਾਲ ਵਿਦਿਆਰਥੀਆਂ ਦੇ ਭਵਿੱਖ ਅਤੇ ਕੈਰੀਅਰ ਦਾ ਧਿਆਨ ਰੱਖਣ ਲਈ ਵਿਦਿਆਰਥੀਆਂ ਨੂੰ ਸਮੇ-ਸਮੇਂ ਦੇਸ਼ ਵਿੱਚ ਭਿੰਨ-ਭਿੰਨ ਕਿੱਤੇ, ਨੌਕਰੀਆਂ ਅਤੇ ਉਹਨਾਂ ਦੇ ਭਵਿੱਖ ਬਾਰੇ ਲੋੜੀਂਦੀ ਸੂਚਨਾ ਅਤੇ ਸਲਾਹ ਦੇਣ ਲਈ ਯੂ.ਜੀ.ਸੀ. ਵੱਲੋਂ ਕਾਲਜ ਵਿੱਚ ਨੈਟਵਰਕ ਰਿਸੋਰਸ ਸੈਂਟਰ ਸਥਾਪਤ ਕੀਤਾ ਗਿਆ ਹੈ ਜੋ ਵਿਦਿਆਰਥੀਆਂ ਨੂੰ ਲੋੜੀਂਦੀ ਸਲਾਹ ਅਤੇ ਲਿਟਰੇਚਰ ਮੁਹੱਈਆ ਕਰਵਾ ਰਿਹਾ ਹੈ ਅਤੇ ਨੌਕਰੀਆਂ ਵਿੱਚ ਮੱਦਦ ਕਰਨ ਲਈ ਸਮੇਂ-ਸਮੇਂ 'ਤੇ ਵੱਖ ਵੱਖ ਸੰਸਥਾਵਾਂ ਨੂੰ ਬੁਲਾ ਕੇ ਵਿਦਿਆਰਥੀਆਂ ਦੀ ਨੌਕਰੀ ਪ੍ਰਾਪਤ ਕਰਨ ਲਈ ਮਦਦ ਕੀਤੀ ਜਾਂਦੀ ਹੈ।

# ਲਾਇਬ੍ਰੇਰੀ ਅਤੇ ਇਸ ਦੇ ਨਿਯਮ

ਸੰਤ ਬਾਬਾ ਅਤਰ ਸਿੰਘ ਖ਼ਾਲਸਾ ਕਾਲਜ ਦੀ ਲਾਇਬ੍ਰੇਰੀ ਵਿਚ ਸਿਲੇਬਸ ਦੀਆਂ ਕਿਤਾਬਾਂ ਤੋਂ ਇਲਾਵਾ ਪੰਜਾਬੀ ਸਾਹਿਤ ਤੇ ਸੱਭਿਆਚਾਰ, ਲੋਕ ਗੀਤ, ਲੋਕ ਕਥਾਵਾਂ, ਵਿਦੇਸ਼ੀ ਲਿਟਰੇਚਰ, ਸਾਇੰਸ, ਧਰਮ ਆਦਿ ਵਿਸ਼ਿਆਂ ਦੀਆਂ ਕਿਤਾਬਾਂ ਦੀ ਭਰਮਾਰ ਹੈ ਅਤੇ ਸਮੇਂ-ਸਮੇਂ ਤੇ ਨਵੀਆਂ ਕਿਤਾਬਾਂ ਨੂੰ ਵੀ ਲਾਇਬ੍ਰੇਰੀ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਤਾਂ ਜੋ ਵਿਦਿਆਰਥੀ ਆਪਣੇ ਆਪ ਨੂੰ ਵੱਖ-ਵੱਖ ਵਿਸ਼ਿਆਂ ਵਿਚ ਨਿਪੁੰਨ ਬਣਾ ਸਕਣ ਤੇ ਹਰ ਤਰ੍ਹਾਂ ਦੀ ਜਾਣਕਾਰੀ ਆਪਣੀ ਇੱਛਾ ਮੁਤਾਬਿਕ ਲੈ ਸਕਣ। ਵਿਦਿਆਰਥੀਆਂ ਦੀ ਸਿੱਖਿਆ ਨਾਲ ਸੰਬੰਧਿਤ ਸਮੱਗਰੀ ਤੋਂ ਇਲਾਵਾ ਕਾਲਜ ਲਾਇਬ੍ਰੇਰੀ ਵਿਚ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਦੇ ਅਖ਼ਬਾਰ ਅਤੇ ਮਕਬੂਲ ਮੈਗਜ਼ੀਨ ਵੀ ਲਗਾਏ ਗਏ ਹਨ ਤਾਂ ਜੋ ਵਿਦਿਆਰਥੀ ਰੋਜ਼ ਮਰਾ ਦੀ ਜ਼ਿੰਦਗੀ ਵਿਚ ਉਹਨਾਂ ਦੇ ਆਸ-ਪਾਸ ਹੁੰਦੀਆਂ ਗਤੀਵਿਧੀਆਂ ਤੋਂ ਜਾਣੂ ਹੋ ਸਕਣ। ਕਾਲਜ ਲਾਇਬ੍ਰੇਰੀ ਵਿਚ ਰੀਡਿੰਗ ਹਾਲ ਹੈ ਜਿੱਥੇ ਬੈਠ ਕੇ ਵਿਦਿਆਰਥੀ ਚੰਗੇ ਮਾਹੌਲ ਵਿਚ ਆਪਣੀ ਪੜ੍ਹਾਈ ਕਰ ਸਕਦੇ ਹਨ।



ਕਾਲਜ ਲਾਇਬ੍ਰੇਰੀ ਵਿਚ ਬੁੱਕ ਬੈਂਕ ਦਾ ਵੀ ਪ੍ਰਬੰਧ ਹੈ ਜਿੱਥੇ ਲੋੜਵੰਦ ਬੱਚਿਆਂ ਨੂੰ ਕਿਤਾਬਾਂ ਉਧਾਰ ਦੇ ਰੂਪ ਵਿੱਚ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਉਹ ਨਿਰਵਿਘਨ ਆਪਣੀ ਪੜ੍ਹਾਈ ਕਰ ਸਕਣ। ਬੱਚਿਆਂ ਲਈ ਲਾਇਬ੍ਰੇਰੀ ਵਿਚ ਈ-ਬੁਕਸ ਦਾ ਵੀ ਖ਼ਾਸ ਪ੍ਰਬੰਧ ਕੀਤਾ ਗਿਆ ਹੈ।

ਲਾਇਬ੍ਰੇਰੀ ਦੀ ਸਹੂਲਤ ਲੈਂਦਿਆਂ ਵਿਦਿਆਰਥੀਆਂ ਨੂੰ ਹੇਠ ਲਿਖੇ ਨਿਯਮਾਂ ਦਾ ਧਿਆਨ ਰੱਖਣਾ ਲੋੜੀਂਦਾ ਹੈ।

1. ਦਾਖ਼ਲਾ ਲੈਣ ਉਪਰੰਤ ਵਿਦਿਆਰਥੀ ਨੂੰ ਲਾਇਬ੍ਰੇਰੀ ਵਿਚੋਂ ਕਾਰਡ ਬਣਾਉਣਾ ਲਾਜ਼ਮੀ ਹੈ ਜਿਸ ਤੋਂ ਬਿਨਾਂ ਕੋਈ ਵੀ ਕਿਤਾਬ ਨਹੀਂ ਦਿੱਤੀ ਜਾ ਸਕਦੀ। ਲਾਇਬ੍ਰੇਰੀ ਕਾਰਡ ਬਣਾਉਣ ਲਈ ਪਾਸਪੋਰਟ ਸਾਈਜ਼ ਦੀ ਇਕ ਫ਼ੋਟੋ ਤੇ ਕਾਲਜ ਵੱਲੋਂ ਜਾਰੀ ਕੀਤੀ ਗਈ ਫ਼ੀਸ ਸਲਿੱਪ ਦਾ ਹੋਣਾ ਲਾਜ਼ਮੀ ਹੈ।
2. ਲਾਇਬ੍ਰੇਰੀ ਵਿਚ ਦਾਖ਼ਲ ਹੋਣ ਸਮੇਂ ਅਤੇ ਲਾਇਬ੍ਰੇਰੀ ਵਿਚੋਂ ਵਾਪਸ ਆਉਣ ਸਮੇਂ ਐਂਟਰੀ ਰਜਿਸਟਰ ਵਿੱਚ ਆਪਣੀ ਐਂਟਰੀ ਪਾਉਣਾ ਅਤਿ ਜ਼ਰੂਰੀ ਹੈ।
3. ਹਰ ਵਿਦਿਆਰਥੀ ਨੂੰ ਉਸ ਦੇ ਲਾਇਬ੍ਰੇਰੀ ਕਾਰਡ ਤੇ ਇਕ ਸਮੇਂ ਦੋ ਕਿਤਾਬਾਂ ਹੀ ਦਿੱਤੀਆਂ ਜਾ ਸਕਦੀਆਂ ਹਨ ਇਹ ਕਿਤਾਬਾਂ ਦੋ ਹਫ਼ਤੇ (14 ਦਿਨ) ਦੇ ਅੰਦਰ-ਅੰਦਰ ਲਾਇਬ੍ਰੇਰੀ ਵਿੱਚ ਵਾਪਸ ਕਰਨੀਆਂ ਲਾਜ਼ਮੀ ਹਨ। ਕਿਤਾਬਾਂ ਵਾਪਸ ਕਰਨ ਤੋਂ ਬਾਅਦ ਜੇਕਰ ਵਿਦਿਆਰਥੀ ਚਾਹੇ ਤਾਂ ਅਗਲੇ ਦਿਨ ਇਨ੍ਹਾਂ ਕਿਤਾਬਾਂ ਨੂੰ ਮੁੜ ਵਾਪਸ ਜਾਰੀ ਕਰਵਾ ਸਕਦਾ ਹੈ।
4. ਜੇਕਰ 14 ਦਿਨ ਦੇ ਸਮੇਂ ਦਾ ਆਖ਼ਰੀ ਦਿਨ ਛੁੱਟੀ ਦਾ ਹੁੰਦਾ ਹੈ ਤਾਂ ਅਗਲੇ ਜਿਸ ਦਿਨ ਵੀ ਕਾਲਜ ਖੁੱਲ੍ਹਦਾ ਹੈ ਕਿਤਾਬਾਂ ਜਮ੍ਹਾਂ ਕਰਵਾਉਣੀਆਂ ਲਾਜ਼ਮੀ ਹਨ।
5. 14 ਦਿਨਾਂ ਦੇ ਅੰਦਰ-ਅੰਦਰ ਕਿਤਾਬਾਂ ਨਾ ਜਮ੍ਹਾਂ ਕਰਵਾਉਣ ਦੀ ਸੂਰਤ ਵਿਚ ਵਿਦਿਆਰਥੀ ਨੂੰ ਪ੍ਰਤੀ ਕਿਤਾਬ ਦਾ ਪ੍ਰਤੀ ਦਿਨ 2 ਰੁਪਏ ਦੇ ਹਿਸਾਬ ਨਾਲ ਜੁਰਮਾਨਾ ਵਸੂਲ ਕੀਤਾ ਜਾਵੇਗਾ।
6. ਪੜ੍ਹਨ ਲਈ ਪ੍ਰਾਪਤ ਕੀਤੀਆਂ ਕਿਤਾਬਾਂ ਤੇ ਕੁਝ ਵੀ ਲਿਖਣਾ ਜਾਂ ਕਿਸੇ ਬਾਹਰੀ ਵਿਦਿਆਰਥੀ ਨੂੰ ਕਿਤਾਬਾਂ ਲਾਇਬ੍ਰੇਰੀ ਵਿਚੋਂ ਲੈ ਕੇ ਦੇਣ ਦੀ ਸਖ਼ਤ ਮਨ੍ਹਾਹੀ ਹੈ। ਅਜਿਹਾ ਕਰਨ ਵਾਲੇ ਵਿਦਿਆਰਥੀ ਨੂੰ 200 ਤੋਂ 500 ਰੁਪਏ ਤੱਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ।
7. ਜੇਕਰ ਵਿਦਿਆਰਥੀ ਜਾਰੀ ਕਰਵਾਈ ਹੋਈ ਕਿਤਾਬ ਨੂੰ ਗੁੰਮ ਕਰ ਦਿੰਦਾ ਹੈ ਜਾਂ ਕਿਤਾਬ ਨੂੰ ਫਾੜ ਦਿੰਦਾ ਹੈ ਤਾਂ ਉਸ ਵਿਦਿਆਰਥੀ ਨੂੰ ਉਸ ਕਿਤਾਬ ਦੀ ਮਾਰਕੀਟ ਕੀਮਤ ਤੇ 500 ਰੁਪਏ ਜੁਰਮਾਨਾ ਕੀਤਾ ਜਾਵੇਗਾ। ਲਾਇਬ੍ਰੇਰੀ ਦੀਆਂ ਕਿਤਾਬਾਂ ਨੂੰ ਸੰਭਾਲ ਕੇ ਰੱਖਣਾ ਵਿਦਿਆਰਥੀ ਦਾ ਫ਼ਰਜ਼ ਹੈ ਤਾਂ ਕਿ ਉਸ ਦੀ ਤਰ੍ਹਾਂ ਹੋਰ ਵਿਦਿਆਰਥੀ ਇਨ੍ਹਾਂ ਕਿਤਾਬਾਂ ਦੀ ਮੱਦਦ ਲੈ ਸਕਣ।
8. ਵਿਦਿਆਰਥੀ ਵੱਲੋਂ ਜਾਰੀ ਕਰਵਾਈਆਂ ਗਈਆਂ ਪੁਸਤਕਾਂ ਲੋੜ ਪੈਣ ਤੇ ਨਿਸ਼ਚਿਤ ਸਮੇਂ ਤੋਂ ਪਹਿਲਾਂ ਵੀ ਜਮਾਂ ਕਰਵਾਈਆਂ ਜਾ ਸਕਦੀਆਂ ਹਨ।
9. ਲਾਇਬ੍ਰੇਰੀ ਵਿਚ ਮੌਜੂਦ ਅਖ਼ਬਾਰ ਅਤੇ ਮੈਗਜ਼ੀਨ ਲਾਇਬ੍ਰੇਰੀ ਵਿਚ ਹੀ ਬੈਠ ਕੇ ਪੜ੍ਹੇ ਜਾ ਸਕਦੇ ਹਨ।
10. ਕਿਸੇ ਖ਼ਾਸ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀ ਨੂੰ ਪ੍ਰਿੰਸੀਪਲ ਸਾਹਿਬ ਦੀ ਆਗਿਆ ਨਾਲ ਹੀ ਕਿਤਾਬਾਂ ਪੂਰੇ ਸੈਸ਼ਨ ਲਈ ਜਾਰੀ ਕੀਤੀਆਂ ਜਾ ਸਕਦੀਆਂ ਹਨ।
11. ਲਾਇਬ੍ਰੇਰੀ ਵਿਚੋਂ ਕਿਤਾਬਾਂ ਲੈਂਦੇ ਅਤੇ ਵਾਪਸ ਜਮ੍ਹਾਂ ਕਰਵਾਉਂਦੇ ਸਮੇਂ ਲਾਇਬ੍ਰੇਰੀ ਕਾਰਡ ਤੇ ਐਂਟਰੀ ਕਰਵਾਉਣੀ ਅਤੇ ਕਾਰਡ ਹੋਣਾ ਲਾਜ਼ਮੀ ਹੈ।
12. ਲਾਇਬ੍ਰੇਰੀ ਵਿਚ ਸ਼ੋਰ ਕਰਨਾ ਜਾਂ ਮੋਬਾਈਲ ਫ਼ੋਨ ਦੀ ਵਰਤੋਂ ਕਰਨਾ ਸਖ਼ਤ ਮਨ੍ਹਾ ਹੈ ਅਜਿਹਾ ਕਰਨ ਵਾਲੇ ਵਿਦਿਆਰਥੀ ਨੂੰ ਨਿਯਮਾਂ ਅਨੁਸਾਰ ਜੁਰਮਾਨਾ ਲਗਾਇਆ ਜਾਵੇਗਾ। ਲਾਇਬ੍ਰੇਰੀ ਵਿਚ ਅਨੁਸ਼ਾਸਨ ਬਣਾਈ ਰੱਖਣਾ ਵਿਦਿਆਰਥੀ ਦਾ ਫ਼ਰਜ਼ ਹੈ ।
13. ਸਮੈਸਟਰ ਖ਼ਤਮ ਹੋਣ ਸਮੇਂ ਪ੍ਰੀਖਿਆ ਤੋਂ ਪਹਿਲਾਂ ਐਨ.ਓ.ਸੀ. ਲੈਣ ਸਮੇਂ ਕਿਤਾਬਾਂ ਜਮ੍ਹਾਂ ਕਰਵਾਉਣੀਆਂ ਲਾਜ਼ਮੀ ਹਨ।
14. ਉਪਰੋਕਤ ਨਿਯਮਾਂ ਦੀ ਵਾਰ-ਵਾਰ ਉਲੰਘਣਾ ਕਰਨ ਤੇ ਵਿਦਿਆਰਥੀ ਦਾ ਲਾਇਬ੍ਰੇਰੀ ਕਾਰਡ ਰੱਦ ਵੀ ਕੀਤਾ ਜਾ ਸਕਦਾ ਹੈ ।
15. ਦਾਖ਼ਲੇ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਲਾਇਬ੍ਰੇਰੀ ਕਾਰਡ ਬਣਾਉਂਣਾ ਜ਼ਰੂਰੀ ਹੈ। ਸਮਾਂ ਲੰਘਣ ਤੋਂ ਬਾਅਦ ਜ਼ੁਰਮਾਨਾ ਲਗਾਇਆ ਜਾਵੇਗਾ।



# ਸਰੀਰਕ ਸਿੱਖਿਆ ਅਤੇ ਖੇਡਾਂ

1. ਵਿਦਿਆਰਥੀਆਂ ਦੇ ਸਰੀਰਕ ਵਿਕਾਸ ਅਤੇ ਖੇਡਾਂ ਲਈ ਕਾਲਜ ਵਿੱਚ ਆਲੀਸ਼ਾਨ ਅਤੇ ਖੁੱਲ੍ਹਾ-ਡੁੱਲ੍ਹਾ ਸਟੇਡੀਅਮ ਹੈ। ਫੁੱਟਬਾਲ, ਹਾਕੀ, ਕਬੱਡੀ, ਬਾਸਕਿਟਬਾਲ, ਅਥਲੈਟਿਕਸ, ਰੈਸਲਿੰਗ, ਬਾਕਸਿੰਗ ਅਤੇ ਕ੍ਰਿਕਟ ਲਈ ਯੋਗ ਪ੍ਰਬੰਧ ਹੈ।
2. ਵਿਦਿਆਰਥੀ ਕੇਵਲ ਰੋਜ਼ਾਨਾ ਪੜ੍ਹਾਈ ਸ਼ੁਰੂ ਹੋਣ ਤੋਂ ਪਹਿਲਾਂ ਜਾਂ ਪੜ੍ਹਾਈ ਖਤਮ ਹੋਣ ਪਿੱਛੋਂ ਹੀ ਖੇਡ ਸਕਦੇ ਹਨ ਅਤੇ ਪੜ੍ਹਾਈ ਦੌਰਾਨ ਖੇਡਣ ਦੀ ਆਗਿਆ ਨਹੀਂ ਹੋਵੇਗੀ।
3. ਲੜਕੀਆਂ ਲਈ ਅਥਲੈਟਿਕਸ, ਬੈਡਮਿੰਟਨ, ਟੈਨਿਸ ਅਤੇ ਖੋ-ਖੋ ਦਾ ਖਾਸ ਪ੍ਰਬੰਧ ਹੈ।












## ਸੈਸ਼ਨ 2023-24 ਦੇ ਦੌਰਾਨ ਕਾਲਜ ਵਿਖੇ ਹੋਏ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਬਾਕਸਿੰਗ ਚੈਂਪਿਅਨਸ਼ਿਪ (ਲੜਕੇ-ਲੜਕੀਆਂ)



















# ਐਨ.ਐਸ.ਐਸ.

ਕਾਲਜ ਵਿੱਚ ਤਿੰਨ ਐਨ.ਐਸ.ਐਸ. ਯੂਨਿਟ ਕਾਇਮ ਹਨ। ਐਨ.ਐਸ.ਐਸ. ਦੇ ਵਲੰਟੀਅਰ ਇੱਕ ਰੋਜ਼ਾ ਕੈਂਪ ਅਤੇ ਸਾਲਾਨਾ ਸੱਤ ਰੋਜਾ ਕੈਂਪ ਵਿੱਚ ਐਨ.ਐਸ.ਐਸ. ਪ੍ਰਤੀ ਸਮਰਪਣ ਦੀ ਭਾਵਨਾ ਰੱਖਦੇ ਹਨ। ਯੋਗ ਵਲੰਟੀਅਰਾਂ ਨੂੰ ਯੂਨੀਵਰਸਿਟੀ ਵੱਲੋਂ ਜਾਂ ਨਹਿਰੂ ਯੁਵਕ ਕੇਂਦਰ ਵੱਲੋਂ ਲਾਏ ਜਾਂਦੇ ਸਾਲਾਨਾ ਇੰਟਰ ਕੈਂਪ ਤੇ ਵੀ ਭੇਜਿਆ ਜਾਂਦਾ ਹੈ। ਐਨ.ਐਸ.ਐਸ. ਦਾ ਸਾਰਾ ਪ੍ਰਬੰਧ ਕਾਲਜ ਦੇ ਐਨ.ਐਸ.ਐਸ. ਪ੍ਰੋਗਰਾਮ ਅਫਸਰਾਂ ਅਧੀਨ ਹੁੰਦਾ ਹੈ।



















# ਯੁਵਕ ਭਲਾਈ ਅਤੇ ਸੱਭਿਆਚਾਰਕ ਮਾਮਲੇ ਵਿਭਾਗ

ਪੰਜਾਬ ਯੁਵਕ ਭਲਾਈ ਵਿਭਾਗ ਅਧੀਨ ਕਾਲਜ ਵਿੱਚ ਇੱਕ ਯੂਥ ਵੈਲਫੇਅਰ ਯੂਨਿਟ ਵੀ ਕਾਇਮ ਕੀਤਾ ਗਿਆ ਹੈ। ਹਰ ਸਾਲ ਯੋਗ ਵਿਦਿਆਰਥੀਆਂ ਨੂੰ ਯੂਥ ਵੈਲਫੇਅਰ ਵਿਭਾਗ ਵੱਲੋਂ ਲਾਏ ਜਾਂਦੇ ਸਾਲਾਨਾ ਅਤੇ ਅਰਧ ਸਾਲਾਨਾ ਕੈਂਪ ਤੇ ਲਿਜਾਇਆ ਜਾਂਦਾ ਹੈ। ਇਹ ਸਾਰਾ ਪ੍ਰਬੰਧ ਯੂਥ ਵੈਲਫੇਅਰ ਇੰਚਾਰਜ ਪ੍ਰੋ. ਗੁਰਪ੍ਰੀਤ ਸਿੰਘ ਅਤੇ ਪ੍ਰੋ. ਪਰਦੀਪ ਕੌਰ ਦੀ ਦੇਖਰੇਖ ਅਧੀਨ ਹੁੰਦਾ ਹੈ।
















## ਯੁਵਕ ਭਲਾਈ ਅਤੇ ਸੱਭਿਆਚਾਰਕ ਮਾਮਲੇ ਵਿਭਾਗ
















# ਕਾਲਜ ਟੂਰ ਦੇ ਸੁਨਹਿਰੇ ਪਲ






ਡਲਹੌਜ਼ੀ ਅਤੇ ਖਜਿਆਰ ਟੂਰ ਦੀਆਂ ਯਾਦਗਾਰੀ ਤਸਵੀਰਾਂ



ਸੰਤ ਬਾਬਾ ਅਤਰ ਸਿੰਘ ਖ਼ਾਲਸਾ ਕਾਲਜ ਸੰਦੌੜ ਵਿਖੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਵਸ ਸ਼ਰਧਾਪੂਰਵਕ ਮਨਾਇਆ

ਭਾਰਤ ਬਨਾਮ ਕੈਨੇਡਾ

ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਵੱਖ-ਵੱਖ ਖੇਡ ਮੁਕਾਬਲਿਆਂ 'ਚ 14 ਮੈਡਲ ਹਾਸਿਲ ਕੀਤੇ

ਅੰਤਰ ਕਾਲਜ ਬਾਕਸਿੰਗ ਮੁੰਡਿਆਂ ਦੇ ਮੁਕਾਬਲੇ 'ਚ ਖ਼ਾਲਸਾ ਕਾਲਜ ਸੰਦੌੜ ਨੇ ਜਿੱਤੀ ਓਵਰਆਲ ਟਰਾਫ਼ੀ

ਲੜਕੀਆਂ ਦੇ ਅੰਤਰ-ਕਾਲਜ ਬਾਕਸਿੰਗ ਮੁਕਾਬਲੇ ਕਰਵਾਏ

ਪਿੰਡ ਕੁਠਾਲਾ ਦੀ ਗੁਰਦੀਪ ਕੌਰ ਨੇ ਨੈਤਿਕ ਸਿੱਖਿਆ ਦੇ ਇਮਤਿਹਾਨ ਵਿੱਚ ਜ਼ਿਲ੍ਹਾ ਪੱਧਰ 'ਤੇ ਕਾਲਜ ਦਾ ਨਾਮ ਰੌਸ਼ਨ ਕੀਤਾ

ਸੰਤ ਬਾਬਾ ਅਤਰ ਸਿੰਘ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਦੀ ਪੰਜਾਬੀ ਯੂਨੀਵਰਸਿਟੀ 'ਚ ਝੰਡੀ

ਪੰਜਾਬ ਕੇਸਰੀ

ਪਹਿਰੇਦਾਰ

एन.एस.एस. कैंप दौरान विद्यार्थियों को स्वास्थ्य संबंधित किया जागरूक

ਖ਼ਾਲਸਾ ਕਾਲਜ ਸੰਦੌੜ ਦੇ ਵਿਦਿਆਰਥੀਆਂ ਨੇ ਸਕਿੱਟ ਵਿੱਚੋਂ ਦੂਜਾ ਅਤੇ ਫੋਟੋਗ੍ਰਾਫੀ ਵਿੱਚੋਂ ਤੀਜਾ ਸਥਾਨ ਹਾਸਲ ਕੀਤਾ

ਸੰਗਰੂਰ ਬਰਨਾਲਾ ਅਜੀਤ ਸ਼ਨਿਚਰਵਾਰ, 20 ਮਈ 2023

ਮੁਕਾਬਲਿਆਂ ਵਿਚ ਖ਼ਾਲਸਾ ਕਾਲਜ ਸੰਦੌੜ ਦੇ ਵਿਦਿਆਰਥੀਆਂ ਨੇ ਮਾਰੀ ਬਾਜ਼ੀ

पर्यावरण प्रेमी इंद्रजीत सिंह द्वारा पौधारोपण पखवाड़े का शुभारम्भ

11 ਐਤਵਾਰ, 24 ਮਾਰਚ 2024

ਖ਼ਾਲਸਾ ਕਾਲਜ ਵੱਲੋਂ ਸ਼ਹੀਦ ਭਗਤ ਸਿੰਘ ਰਾਜਗੁਰੂ, ਸੁਖਦੇਵ ਸਿੰਘ ਜੀ ਦੀ ਨਿੱਘੀ ਯਾਦ ਵਿੱਚ ਪ੍ਰੋਗਰਾਮ ਕਰਵਾਇਆ

ਅਥਲੈਟਿਕ ਮੀਟ ਕਰਵਾਈ, ਅਥਲੀਟ

ਯੁਵਕ ਮੇਲੇ 'ਚ ਖ਼ਾਲਸਾ ਕਾਲਜ ਸੰਦੌੜ ਦੇ ਵਿਦਿਆਰਥੀਆਂ ਨੇ 7 ਪੁਜ਼ੀਸ਼ਨਾਂ ਕੀਤੀਆਂ ਹਾਸਿਲ

ਅਜੀਤ ਸਮਾਚਾਰ 20-May-2023 Page: 5



ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਤਰੀ ਯੁਵਕ ਮੇਲੇ ਵਿੱਚ
ਕਾਲਜ ਦੇ ਮਲਵਈ ਗਿੱਧੇ ਟੀਮ ਦੀ ਝਲਕ

# ਚਮਕਦੇ ਸਿਤਾਰੇ


HARDEEP KAUR
B.A.-I


RAMANDEEP KAUR
B.A.-I


ARSHDEEP SINGH
B.A.-I


JASPREET KAUR
B.A.-I


AKASHDEEP KAUR
B.A.-II


AMANDEEP KAUR
B.A.-II


HARJINDER KAUR
B.A.-II


RAMNISH KUMAR
B.A.-II


GAGANAJIT SINGH
B.A.-II


JASPREET KAUR
B.A.-III


BABLY
B.A.-III


AVTAR SINGH
B.A.-III


JASWINDER KAUR
B.A.-III


NAVJOT KAUR
B.A.-III


TARANDEEP KAUR
B.Com-I


ARSHDEEP BEGAM
B.COM.-I


PRABHJOT KAUR
B.COM.-III


DAVINDER KAUR
B.Com-III


HARPREET KAUR
B.C.A.-III


MOHD RIZWAN
B.C.A.-III


SUKHDEEP KAUR
M.A.-I


MANISHA
M.A.-I


SUMANDEEP KAUR
M.A.-I


MANPREET KAUR
M.A.-II




**FACEBOOK PAGE QR**

**ਦਾਖ਼ਲੇ ਸੰਬੰਧੀ ਕਿਸੇ ਵੀ ਜਾਣਕਾਰੀ ਲਈ ਸੰਪਰਕ ਕਰੋ**

**78149-51776, 98555-35089, 98148-77883, 95017-11400**